**ਸਾਲਾਨਾ ਰਿਪੋਰਟ**
**ਸਰਕਾਰੀ ਕਾਲਜ ਲੜਕੀਆਂ, ਪਟਿਆਲਾ**
**2021-22**

## ਕਾਲਜ ਦਾ ਪਿਛੋਕੜ

ਸਰਕਾਰੀ ਕਾਲਜ ਲੜਕੀਆਂ ,ਪਟਿਆਲਾ ਉੱਤਰੀ ਭਾਰਤਦੀ ਇੱਕ ਨਾਮਵਰ ਸੰਸਥਾ ਹੈ। ਮੈਨੂੰ ਇਹ ਦੱਸਦਿਆਂ ਬੜੀ ਖੁਸ਼ੀ ਅਤੇ ਮਾਣ ਮਹਿਸੂਸ ਹੋ ਰਿਹਾ ਹੈ ਕਿ 2016 ਵਿੱਚ ਰਾਸ਼ਟਰੀ ਸੰਸਥਾ NAAC ਵੱਲੋਂ "A" ਗਰੇਡ ਹਾਸਿਲ ਕਰਨ ਦੌਰਾਨ ਵਾਲੀ ਇਹ ਸੰਸਥਾ 2017 ਵਿੱਚ ਆਪਣੇ 75 ਵਰ੍ਹਿਆਂ ਦਾ ਸ਼ਾਨਦਾਰ ਸਫ਼ਰ ਕਾਮਯਾਬੀ ਦੀਆਂ ਬੁਲੰਦੀਆਂ ਨੂੰ ਛੂੰਹਦੇ ਹੋਏ ਮੁਕੰਮਲ ਕਰ ਚੁੱਕੀ ਹੈ। 20 ਜੂਨ 1942 ਨੂੰ ਇਸ ਦੀਆਂ ਕਲਾਸਾਂ ਵਿਕਟੋਰੀਆਂ ਗਰਲਜ਼ ਕਾਲਜ ਸ਼ੁਰੂ ਹੋਈਆਂ । ਉਸ ਸਮੇਂ ਇਸ ਦਾ ਨਾਂ ਵਿਕਟੋਰੀਆਂ ਗਰਲਜ਼ ਕਾਲਜ ਰੱਖਿਆ ਗਿਆ ਸੀ, ਪੈਪਸੂ ਸਰਕਾਰ ਨੇ 1950 ਵਿੱਚ ਇਸ ਨੂੰ ਡਿਗਰੀ ਕਾਲਜ ਵਿੱਚ ਤਬਦੀਲ ਕੀਤਾ। ਇਹ ਪੈਪਸੂ ਸਰਕਾਰ ਦਾ ਪਹਿਲਾ ਲੜਕੀਆਂ ਦਾ ਡਿਗਰੀ ਕਾਲਜ ਸੀ, ਇਸ ਉਪਰੰਤ ਇਸ ਦਾ ਨਾਂ ਬਦਲ ਕੇ ' ਗੌਰਮਿੰਟ ਕਾਲਜ ਫਾਰ ਵਿਮੈਂਨ ਰੱਖਿਆ ਗਿਆ।

ਕਾਲਜ ਦੀ ਵਰਤਮਾਨ ਇਮਾਰਤ ਦਾ ਰਸਮੀ ਤੌਰ ਤੇ ਇਸ ਵਕਤ ਦੇ ਉਪਰਾਸ਼ਟਰਪਤੀ ਡਾ. ਸਰਵਪੱਲੀ ਰਾਧਾਕ੍ਰਿਸ਼ਨਨ ਨੇ 23 ਜਨਵਰੀ 1954 ਵਿੱਚ ਰੱਖ ਕੇ ਇਸ ਦਾ ਮਾਣ ਵਧਾਇਆ। ਮਹਾਰਾਣੀ ਮਹਿੰਦਰਪਾਲ ਕੌਰ ਜੀ ਨੇ 17 ਮਾਰਚ 1954 ਨੂੰ ਆਪਣੇ ਕਰ ਕਮਲਾਂ ਨਾਲ ਇਸ ਦਾ ਉਦਘਾਟਨ ਕਰਕੇ ਇਸ ਸੰਸਥਾ ਨੂੰ ਗੌਰਵ ਪ੍ਰਦਾਨ ਕੀਤਾ। ਕਾਲਜ ਵਿਖੇ1992 ਵਿੱਚ ਹੋਏ ਗੋਲਡਨ ਜੁਬਲੀ ਸਮਾਰੋਹ ਦੌਰਾਨ ਸਵਰਗਵਾਸੀ ਸ: ਬੇਅੰਤ ਸਿੰਘ ਜੀ ਮੁੱਖ ਮੰਤਰੀ ਪੰਜਾਬ ਨੇ ਇਸ ਕਾਲਜ ਦਾ ਨਾਂ ਸਰਕਾਰੀ ਕਾਲਜ ਫਾਰ ਵਿਮੈਨ ਤੋ ਬਦਲ ਕੇ ਸਰਕਾਰੀ ਕਾਲਜ ਲੜਕੀਆਂ ਪਟਿਆਲਾ(ਮੌਜੂਦਾ ਨਾਮ) ਰੱਖਿਆ।ਇਸ ਸਮੇਂ ਤੋਂ ਲੈਕੇ ਹੁਣ ਇਹ ਕਾਲਜ ਮਾਲਵਾ ਖੇਤਰ ਦੀਆਂ ਲੜਕੀਆਂਨੂੰ ਵਧੀਆਂ ਅਤੇ ਮਿਆਰੀ ਢੰਗ ਨਾਲ ਸਿੱਖਿਆ ਦਿੰਦਾ ਆ ਰਿਹਾ ਹੈ। ਆਪਣੀਆ ਸ਼ਾਨਦਾਰ ਅਤੇ ਵਿਲੱਖਣ ਪ੍ਰਾਪਤੀਆਂ ਕਾਰਨ ਇਸ ਕਾਲਜ ਨੇ ਵਿਦਿਅਕ ਖੇਤਰ ਵਿੱਚ ਆਪਣੀ ਨਿਵੇਕਲੀ ਪਛਾਣ ਬਣਾਈ ਹੈ।

ਕਾਲਜ ਦੇ ਮੋਟੋ ਸੱਤਿਅਮ,ਸਿਵਮ ਸੁੰਦਰਮ (ਸੱਚਾ-ਸੁੱਚਾ,ਕਲਿਆਣਮਈ ਸੋਹਣਾ) ਨੂੰ ਸਾਕਾਰ ਕਰਦਿਆ ਹੋਇਆਂ ਇਹ ਸੰਸਥਾ ਵਿਦਿਆਰਥਣਾਂ ਦੀ ਸਰਵਪੱਖੀ ਸ਼ਖਸੀਅਤ ਉਸਾਰੀ ਕਰਨ ਹਿੱਤ ਸਾਹਿਤਕ, ਸਭਿਆਚਾਰਕ,ਅਕਾਦਮਿਕ ,ਐਨ.ਸੀ.ਸੀ.,ਐਨ.ਐਸ.ਐਸ. ,ਰੈਡ ਕਰਾਸ ਅਤੇ ਖੇਡਾਂ ਜਿਹੀਆਂ ਗਤੀਵਿਧੀਆਂ ਪ੍ਰਫੁੱਲਿਤ ਕਰਦੀ ਆ ਰਹੀ ਹੈ। ਨਤੀਜੇ ਵਜੋਂ ਇਸ ਦੀ ਛਵੀ ਇੱਕ ਪ੍ਰਤਿਸ਼ਠਿਤ ਸੰਸਥਾ ਵਜੋਂ ਉੱਭਰੀ ਹੈ।

**ਹੁਣ ਮੈਂ ਆਪਜੀ ਦੇ ਸਾਹਮਣੇ ਸਰਕਾਰੀ ਕਾਲਜ ਲੜਕੀਆਂ ,ਪਟਿਆਲਾ ਦੀ ਸਾਲ 2021-2022 ਦੀ ਸਲਾਨ ਰਿਪੋਰਟ ਪੇਸ਼ ਕਰਨ ਦਾ ਮਾਣ ਲੈ ਰਹੀ ਹਾਂ।**

## ਦਾਖਲੇ

ਇਸ ਸਾਲ ਵੱਖ – ਵੱਖ ਸ਼੍ਰੇਣੀਆਂ ਵਿੱਚ ਲਗਭਗ 1728 ਵਿਦਿਆਰਥਣਾਂ ਨੇ ਦਾਖਲਾ ਲਿਆ ਹੈ। ਕਾਲਜ ਵਿੱਚ ਅੰਡਰ ਗ੍ਰੈਜੂਏਟ ਕੋਰਸਜ਼ ਵਿੱਚ ਬੀ.ਏ.,ਬੀ.ਐਸ.ਸੀ.ਮੈਡੀਕਲ, ਬੀ.ਐਸ.ਸੀ. ਹੋਮ ਸਾਇਸ , ਬੀ.ਐਸ.ਸੀ.ਨਾਨ ਮੈਡੀਕਲ ਕੰਪਿਊਟਰ ਐਪਲੀਕੇਸ਼ਨਜ਼ , ਪੜ੍ਹਾਏ ਜਾਂਦੇ ਹਨ। ਬੀ.ਐਸ.ਸੀ.ਬਾਇਉਟੈਕਨਾਲੋਜੀ, ਪੋਸਟ ਗ੍ਰੈਜ਼ਏਟ ਕੋਰਸਜ਼ ਵਿੱਚ ਐਮ.ਏ(ਡਾਂਸ, ਕੋਮਲ ਕਲਾਂ ਅਤੇ ਸੰਗੀਤ ਗਾਇਨ) ਪੜ੍ਹਾਏ ਜਾਂਦੇ ਹਨ।

ਬੀ.ਏ.ਵਿੱਚ ਵੋਕੇਸ਼ਨਲ ਵਿਸ਼ਾ ਫੰਕਸ਼ਨਲ ਇੰਗਲਿਸ਼ ਪੜ੍ਹਾਇਆ ਜਾਂਦਾ ਹੈ। ਅੰਗਰੇਜੀ, ਹਿੰਦੀ , ਮਨੋਵਿਗਿਆਨ , ਰਾਜਨੀਤੀ ਸ਼ਾਸਤਰ , ਫਿਲਾਸਫੀ ਅਤੇ ਇਕਨਾਮਿਕਸ ਵਿਸ਼ਿਆ ਵਿੱਚ ਐਨਰਜ਼ ਦਾ ਵੀ ਪ੍ਰਬੰਧਹੈ। ਸੈਸ਼ਨ 2013-14 ਤੋਂ ਕਾਲਜ ਵਿੱਚ ਬੀ.ਸੀ.ਏ.,ਪੀ.ਜੀ.ਡੀ.ਸੀ.ਏ.,(ਸੈਲਫ਼ ਫਾਇਨਾਂਸ) ਵੀ ਪੜ੍ਹਾਏ ਜਾ ਰਹੇ ਹਨ।

## ਸਟਾਫ

ਮੌਜੂਦਾ ਸੈਸ਼ਨ ਵਿੱਚ ਕਾਲਜ ਵਿੱਚ ਕੁੱਲ ਰੈਗੂਲਰ ਪ੍ਰੋਫੈਸਰ ਸਾਹਿਬਾਨ ਦੀ ਗਿਣਤੀ 32 ਹੈ, ਜਿਨ੍ਹਾਂ ਵਿੱਚੋਂ ਨਵ- ਨਿਯੁਕਤ ਹੋਏ 11 ਪ੍ਰੋਫੈਸਰ ਸਾਹਿਬਾਨ ਦੇ ਨਾਮ ਨਿਮਨਲਿਖਿਤ ਹਨ :

1.ਪ੍ਰੋ.ਹਰਪ੍ਰੀਤ ਕੋਰ 2. ਪ੍ਰੋ.ਜੈਸਮੀਨ 3. ਪ੍ਰੋ.ਤੇਜਿੰਦਰ ਕੋਰ 4.ਪ੍ਰੋ.ਸਾਇਨਾ 5.ਜਗਦੀਪ ਸਿੰਘ 6.ਪ੍ਰੋ.ਪ੍ਰਭਲੀਨ ਕੌਰ 7.ਪ੍ਰੋ. ਪੂਜਾ ਗੋਇਲ 8.ਪ੍ਰੋ.ਈਸ਼ਵਰਪ੍ਰੀਤ ਕੌਰ 9. ਪ੍ਰੋ. ਨਵਜੋਤ ਕੌਰ 10.ਪ੍ਰੋ. ਮਨਪ੍ਰੀਤ ਕੌਰ 11.ਗਗਨਦੀਪ ਕੌਰ।

ਇਨ੍ਹਾਂ ਤੋਂ ਇਲਾਵਾ ਕਾਲਜ ਵਿੱਚ 01 ਕੰਟਰੈਕਚੂਅਲ ਅਤੇ 10 ਪਾਰਟ –ਟਾਈਮ ਲੈਕਚਰਾਰ ਹਨ। 22 ਲੈਕਚਰਾਰ ਗੈਸਟ ਫੈਕਲਟੀ ਵਜੋਂ ਅਤੇ 07 ਲੈਕਚਰਾਰ ਸੈਲਫ ਫਾਇਨਾਂਸ ਕੋਰਸ ਪੜ੍ਹਾ ਰਹੇ ਹਨ। ਕਾਲਜ ਵਿੱਚ 2 ਲਾਇਬ੍ਰੇਰੀਅਨ ਹਨ।

ਇਸ ਸੈਸ਼ਨ ਦੌਰਾਨ ਪ੍ਰਿੰਸੀਪਲ ਡਾ.ਚਿੰਰਜੀਵ ਕੌਰ, ਡਾ. ਸ਼ਬਨਮ ਸੋਢੀ,ਡਾ.ਜੀਵਨ ਬਾਲਾ, ਡਾ.ਅਨਿਲ ਭਾਰਤੀ ਅਤੇ ਪ੍ਰੋ.ਨੀਤਾ ਮੈਨਰੋ ਸੇਵਾ ਮੁਕਤ ਹੋਏ।

## ਪ੍ਰਬੰਧਕੀ ਅਮਲਾ

ਕਾਲਜ ਦੇ ਦਫ਼ਤਰ ਦੇ ਪ੍ਰਬੰਧਕੀ ਅਮਲੇ ਵਿੱਚ ਇੱਕ ਸੁਪਰੈਂਟ ਤੋਂ ਇਲਾਵਾ 12 ਦਰਜਾ ਤਿੰਨ ਅਤੇ 10 ਦਰਜਾ ਚਾਰ ਕਰਮਚਾਰੀ ਹਨ। ਇਸ ਸੈਸ਼ਨ ਦੌਰਾਨ ਐਸ.ਐਲ.ਏ. ਸ੍ਰੀ ਹਰਕੀਕਤ ਸਿੰਘ ਅਤੇ ਪ੍ਰੇਮ ਚੰਦ ਬੇਲਦਾਰ ਸੇਵਾ ਮੁਕਤ ਹੋਏ।

## ਅਕਾਦਮਿਕ ਪ੍ਰਾਪਤੀਆਂ

ਆਪਣੀਆਂ ਸ਼ਾਨਦਾਰ ਪ੍ਰਾਪਤੀਆਂ ਨੂੰ ਬਰਕਰਾਰ ਰੱਖਦੇ ਹੋਏ ਇਸ ਵਰ੍ਹੇ ਵੀ ਕਾਲਜ ਨੇ ਬੇਮਿਸਾਲ ਅਕਾਦਮਿਕ ਪ੍ਰਾਪਤੀਆਂ ਕੀਤੀਆਂ ਹਨ। ਸਾਡੇ ਲਈ ਬੜੇ ਮਾਣ ਦੀ ਗੱਲ ਹੈ ਇਸ ਸਾਲ:

- ਐਮ.ਐਸ.ਸੀ.ਫੂਡ ਐਂਡ ਨਿਊਟ੍ਰੀਸ਼ਨ ਦੀ ਵਿਦਿਆਰਥਣ ਨਿਮਰਤ ਕੌਰ ਯੂਨੀਵਰਸਿਟੀ ਵਿੱਚ ਪਹਿਲੇ ਸਥਾਨ ਤੇ ਅਤੇ ਅੰਤਰਦੀਪ ਕੌਰ ਕਾਲਜ ਵਿੱਚ ਦੂਜੇ ਸਥਾਨ ਤੇ ਰਹੀ।
- ਐਮ.ਏ.ਡਾਂਸ ਦੀ ਨੇਹਾ ਰਾਣੀ ਕਾਲਜ ਵਿੱਚ ਪਹਿਲੇ ਅਤੇ ਤਨਵੀ ਧਨਵਰ ਦੂਜੇ ਸਥਾਨ ਤੇ ਰਹੀ।
- ਐਮ.ਏ.ਸੰਗੀਤ ਗਾਇਨ ਦੀ ਪ੍ਰੀਤੀ ਛਾਬੜਾ ਨੇ ਕਾਲਜ ਵਿੱਚ ਪਹਿਲਾ ਅਤੇ ਸ਼ੀਤਲ ਸ਼ਰਮਾ ਨੇ ਦੂਜਾ ਸਥਾਨ ਪ੍ਰਾਪਤ ਕੀਤਾ।
- ਐਮ.ਏ.ਫਾਈਨ ਆਰਟਸ ਦੀ ਵਿਦਿਆਰਥਣ ਪ੍ਰੇਰਨਾ ਸੋਨੀ ਕਾਲਜ ਵਿੱਚ ਪਹਿਲੇ ਅਤੇ ਅਮਰਿੰਦਰ ਕੌਰ ਦੂਜੇ ਸਥਾਨ ਤੇ ਰਹੀ।
- ਬੀ.ਐਸ.ਸੀ.ਨਾਨ ਮੈਡੀਕਲ ਭਾਗ ਤੀਜਾ ਦੀ ਵਿਦਿਆਰਥਣ ਸੁੱਖਚੈਨ ਕੌਰ ਨੇ ਕਾਲਜ ਵਿੱਚ ਪਹਿਲਾ ਅਤੇ ਮਨਪ੍ਰੀਤ ਕੌਰ ਨੇ ਦੂਜਾ ਸਥਾਨ ਪ੍ਰਾਪਤ ਕੀਤਾ।ਬੀ.ਐਸ.ਸੀ.ਨਾਨ ਮੈਡੀਕਲ ਭਾਗ ਦੂਜਾ ਦੀ ਜਸ਼ਨਦੀਪ ਕੌਰ ਕਾਲਜ ਵਿੱਚ ਪਹਿਲੇ ਅਤੇ ਅਰਮਾਨ ਕੌਰ ਦੂਜੇ ਸਥਾਨ ਤੇ ਰਹੀ।ਬੀ.ਐਸ.ਸੀ.ਨਾਨ ਮੈਡੀਕਲ ਭਾਗ ਪਹਿਲਾ ਦੀ ਰੀਨਾ ਰਾਣੀ ਨੇ ਕਾਲਜ ਵਿੱਚ ਪਿਹਲਾ

ਅਤੇ ਪ੍ਰੋਮਿਲਾ ਨੇ ਦੂਜਾ ਸਥਾਨ ਪ੍ਰਾਪਤ ਕੀਤਾ।ਬੀ.ਐਸ.ਸੀ.ਮੈਡੀਕਲ ਭਾਗ ਤੀਜਾ ਦੀ ਵਿਦਿਆਰਥਣ ਮਨਦੀਪ ਕੌਰ ਕਾਲਜ ਵਿੱਚ ਪਹਿਲੇ ਅਤੇ ਉਮਿੰਦਰਜੋਤ ਕੌਰ ਦੂਜੇ ਸਥਾਨ ਤੇ ਰਹੀ।

- ਬੀ.ਐਸ.ਸੀ.ਮੈਡੀਕਲ ਭਾਗ ਦੂਜਾ ਦੀ ਖੁਸ਼ਪ੍ਰਿਆ ਨੇ ਕਾਲਜ ਵਿੱਚ ਪਹਿਲੇ ਅਤੇ ਬੱਬੂ ਰਾਣੀ ਨੇ ਦੂਜਾ ਸਥਾਨ ਪ੍ਰਾਪਤ ਕੀਤਾ।ਬੀ.ਐਸ.ਸੀ.ਮੈਡੀਕਲ ਭਾਗ ਪਹਿਲਾ ਦੀ ਧਨਪ੍ਰੀਤ ਕੌਰ ਕਾਲਜ ਵਿੱਚ ਪਹਿਲਾ ਅਤੇ ਜੀਨਤ ਆਲੀਆ ਸੇਜਲ ਦੂਜੇ ਸਥਾਨ ਤੇ ਰਹੀਆਂ।ਬੀ.ਐਸ.ਸੀ.ਹੋਮ ਸਾਇੰਸ ਭਾਗ ਤੀਜਾ ਦੀ ਲੀਜਾ ਕਪੂਰ ਨੇ ਕਾਲਜ ਵਿੱਚ ਪਹਿਲਾ ਅਤੇ ਅਰਚਨਾ ਗਰਗ ਨੇ ਦੂਜਾ ਸਥਾਨ ਹਾਸਿਲ ਕੀਤਾ।
- ਬੀ.ਐਸ.ਸੀ. ਹੋਮ ਸਾਇੰਸ ਭਾਗ ਦੂਜਾ ਦੀ ਕੋਮਲਪ੍ਰੀਤ ਕੌਰ ਕਾਲਜ ਵਿੱਚ ਪਹਿਲੇ ਅਤੇ ਜਸਲੀਨ ਕੌਰ ਦੂਜੇ ਸਥਾਨ ਤੇ ਰਹੀ।
- ਬੀ.ਐਸ.ਸੀ.ਬਾਇਉਟੈਕਨਾਲੋਜੀ ਆਨਰਜ਼ ਭਾਗ ਤੀਜਾ ਦੀ ਹਰਮਨਪ੍ਰੀਤ ਕੌਰ ਕਾਲਜ ਵਿੱਚ ਪਹਿਲੇ ਅਤੇ ਹਰਮਨਦੀਪ ਕੌਰ ਦੂਜੇ ਸਥਾਨ ਤੇ ਰਹੀ।ਬੀ.ਐਸ.ਸੀ.ਬਾਇਉਟੈਕਨਾਲੋਜੀ ਭਾਗ ਦੂਜਾ ਦੀ ਮਨਪ੍ਰੀਤ ਕੌਰ ਨੇ ਕਾਲਜਵਿੱਚ ਪਹਿਲਾ ਅਤੇ ਨੇਹਾ ਨੇ ਦੂਜਾ ਸਥਾਨ ਪ੍ਰਾਪਤ ਕੀਤਾ।ਬੀ.ਐਸ.ਸੀ.ਬਾਇਉਟੈਕਨਾਲੋਜੀ ਭਾਗ ਪਹਿਲਾ ਦੀ ਰਸ਼ਨੀਤ ਕੌਰ ਅਤੇ ਪਰਵਿੰਦਰ ਕੌਰ ਨੇ ਕਾਲਜ ਵਿੱਚ ਪਹਿਲਾ ਤੇ ਅਰਸ਼ਦੀਪ ਕੌਰ ਅਤੇ ਕਰਨਜੋਤ ਨੇ ਦੂਜਾ ਸਥਾਨ ਹਾਸਿਲ ਕੀਤਾ।
  - ਪੀ.ਜੀ.ਡੀ.ਸੀ.ਏ.ਦੀ ਵਿਦਿਆਰਥਣ ਰੁਪਿੰਦਰ ਕੌਰ ਕਾਲਜ ਵਿੱਚ ਪਹਿਲੇ ਅਤੇ ਰਿਤੂ ਰਾਣੀ ਦੂਜੇ ਸਥਾਨ ਤੇ ਰਹੀ।
  - ਬੀ.ਸੀ.ਏ. ਭਾਗ ਤੀਜਾ ਦੀ ਹਰਪ੍ਰੀਤ ਕੌਰ ਨੇ ਕਾਲਜ ਵਿੱਚ ਪਹਿਲਾ ਅਤੇ ਗਗਨਪ੍ਰੀਤ ਕੌਰ ਨੇ ਦੂਜਾ ਦੀ ਜੋਤੀ ਕਾਲਜ ਵਿੱਚ ਪਹਿਲੇ ਅਤੇ ਰਸ਼ਮੀਨ ਦੂਜੇ ਸਥਾਨ ਤੇ ਰਹੀ।ਬੀ.ਸੀ.ਏ. ਭਾਗ ਪਹਿਲਾ ਦੀ ਸਿਮਰਨ ਕੌਰ ਕਾਲਜ ਵਿੱਚ ਪਹਿਲੇ ਅਤੇ ਜਸ਼ਨਦੀਪ ਕੌਰ ਦੂਜੇ ਸਥਾਨ ਤੇ ਰਹੀ।ਬੀ.ਏ.ਭਾਗ ਤੀਜਾ ਦੀ ਕਨਿਕਾ ਬਾਤਿਸ਼ ਨੇ ਕਾਲਜ ਵਿੱਚ ਪਹਿਲਾ ਅਤੇ ਮਨੀਸ਼ਾ ਧੀਮਾਨ ਨੇ ਦੂਜਾ ਸਥਾਨ ਪ੍ਰਾਪਤ ਕੀਤਾ।
  - ਬੀ.ਏ.ਭਾਗ ਦੂਜਾ ਦੀ ਵਿਦਿਆਰਥਣ ਈਸ਼ਾ ਰਾਣੀ ਕਾਲਜ ਵਿੱਚ ਪਹਿਲੇ ਅਤੇ ਹਰਮਨਪ੍ਰੀਤ ਕੌਰ ਦੂਜੇ ਸਥਾਨ ਤੇ ਰਹੀ।ਬੀ.ਏ.ਭਾਗ ਪਹਿਲਾ ਦੀ ਵਿਦਿਆਰਥਣ ਖਿਆਤੀ ਸ਼ਰਮਾ ਨੇ ਕਾਲਜ ਵਿੱਚ ਪਹਿਲਾ ਅਤੇ ਅਮਿਤੋਜ ਕੌਰ ਨੇ ਦੂਜਾ ਸਥਾਨ ਪ੍ਰਾਪਤ ਕੀਤਾ।

## ਵਿਭਾਗ ਗਤੀਵਿਧੀਆਂ

### ➢ ਹਿੰਦੀ ਵਿਭਾਗ

- ਮਿਤੀ : 04-9-2021 ਨੂੰ ਹਿੰਦੀ ਵਿਭਾਗ ਵਲੋਂ ਸ੍ਰੀ ਗੁਰੂ ਤੇਗ ਬਹਾਦੁਰ ਜੀ ਦੇ 400 ਸਾਲਾ ਜਨਮ ਦਿਨ ਨੂੰ ਸਮਰਪਿਤ ਇੱਕ ਰਾਸ਼ਟਰੀ ਵੈਬੀਨਾਰ ਕਰਵਾਇਆ ਗਿਆ। ' ਗੁਰੂ ਤੇਗ ਬਹਾਦੁਰ ਜੀ ਦੀ ਬਾਣੀ: ਸਮਾਜਿਕ ਸਰੋਕਾਰ ਦੇ ਪਰਿਪੇਖ ਵਿੱਚ ' ਵਿਸ਼ੇ ਤੇ ਆਯੋਜਿਤ ਇਸ ਵੈਬੀਨਾਰ ਵਿੱਚ ਡਾ.ਸ਼ੈਲੇਂਦਰ ਕੁਮਾਰ ਸ਼ਰਮਾ ( ਮੁੱਖੀ,ਹਿੰਦੀ ਵਿਭਾਗ ,ਵਿਕਰਮ ਯੂਨੀਵਰਸਿਟੀ ,ਉਜੈਨ, ਮੱਧ ਪ੍ਰਦੇਸ ਨੇ ਮੁੱਖ ਮਹਿਮਾਨ ਅਤੇ ਵਕਤਾ ਵਜੋਂ ਸ਼ਿਰਕਤ ਕੀਤੀ।
- ਮਿਤੀ :10-11-2021 ਨੂੰ ਹਿੰਦੀ ਵਿਭਾਗ ਵਲੋਂ ' ਗੁਰੂ ਤੇਗ ਬਹਾਦੁਰ ਜੀ ਦੇ ਜੀਵਨ ਅਤੇ ਬਾਣੀ ' ਵਿਸ਼ੇ ਤੇ ਪੇਪਰ ਰੀਡਿੰਗ ਦਾ ਆਯੋਜਨ ਕੀਤਾ ਗਿਆ। ਇਸ ਵਿੱਚ ਹਿੰਦੀ ਵਿਸ਼ੇ ਦੀ ਵਿਦਿਆਰਥਣਾਂ ਨੇ ਆਪਣੇ ਵਿਚਾਰ ਪੇਸ਼ ਕੀਤੇ।
- ਮਿਤੀ :26-11-2021 ਨੂੰ ਸੰਵਿਧਾਨ ਦਿਵਸ ਦੇ ਮੌਕੇ ਤੇ ਹਿੰਦੀ ਵਿੱਚ ਵਿਦਿਆਰਥਣਾ ਨੇ ਸੰਵਿਧਾਨ ਉਦੇਸ਼ਿਕਾ ਪੜ੍ਹੀ।

### ➢ ਕੰਪਿਊਟਰ ਸਾਇੰਸ ਵਿਭਾਗ

- 26 ਜੂਨ 2021 ਨੂੰ ਪੰਜਾਬ ਸਰਕਾਰ ਵਲੋਂ ਅੰਤਰਰਾਸ਼ਟਰੀ ਨਸ਼ਾ ਵਿਰੋਧੀ ਦਿਵਸ ਦੇ ਮੋਕੇ ਤੇ ਪੋਸਟਰ ਬਣਾਉਣਾ , ਲੇਖ, ਕਵਿਤਾਵਾਂ ਅਤੇ ਸਲੋਗਨ ਲਿਖਣ ਦੇ ਆਨਲਾਈਨ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਵਿਭਾਗ ਦੀਆਂ ਵਿਦਿਆਰਥਣਾਂ ਨੇ ਵੱਧ ਚੱੜ੍ਹ ਕੇ ਹਿੱਸਾ ਲਿਆ।

- 2 ਦਸੰਬਰ2021 ਨੂੰ ਵਿਭਾਗ ਵਲੋ ਲਗਾਏ ਗਈ ਕੋਵਿਡ ਵੈਕਸ਼ੀਨੇਸ਼ਨ ਡਿਊਟੀ ਮਿਤੀ 23 ਜਨਵਰੀ 2022 ਤੋਂ 23 ਫਰਵਰੀ 2022 ਤੱਕ ਹੇਠ ਲਿਖੇ ਪ੍ਰੋਫੈਂਸਰ ਸਾਹਿਬਾਨ ਨਾਲ ਕੰਪਿਊਟਰ ਫੈਕਲਟੀ ਨੇ ਕੰਪਿਊਟਰ ਸਹਾਇਕ ਦੇ ਰੂਪ ਵਿੱਚ ਡਿਊਟੀ ਨਿਭਾਈ।

  1.ਡਾ.ਲਵਲੀਨ ਨਾਲ ਪ੍ਰੋ.ਟੀਨਾ ਰਾਣੀ -ਪੀ.ਐਚ.ਸੀ.ਸ਼ੁਤਰਾਣਾ

  2.ਪ੍ਰੋ.ਅਨੀਲਾ ਸੁਲਤਾਨਾ ਨਾਲ ਪ੍ਰੋ.ਮਨਮੀਤ ਕੌਰ- ਪੀ.ਐਚ.ਸੀ.ਦੂਧਨ ਸਾਧਾਂ

  3.ਪ੍ਰੋ.ਜਗਦੀਪ ਸਿੰਘ ਨਾਲ ਪ੍ਰੋ.ਗਗਨਦੀਪ ਕੌਰ - ਪੀ.ਐਚ.ਸੀ.ਭਾਦਸੋਂ

  4.ਪ੍ਰੋ.ਈਸ਼ਵਰਪ੍ਰੀਤ ਕੌਰ ਨਾਲ ਪ੍ਰੋ.ਨੇਹਾ ਖੰਨਾ- ਪੀ.ਐਚ.ਸੀ.ਕੱਲੋ ਮਾਜਰਾ
- 9ਮਾਰਚ 2022 ਨੂੰ ਵਿਭਾਗ ਦੀਆਂ ਵਿਦਿਆਰਥਣਾਂ ਨੂੰ ਪ੍ਰੋ.ਗਗਨਦੀਪ ਕੌਰ ਵੱਲੋਂ ਸੈਮੀਨਾਰ ਦੇ ਰੂਪ ਵਿੱਚ ਗੂਗਲ ਟੂਲਸ ਦੀ ਵਰਤੋਂ ਕਿਵੇ ਕੀਤੀ ਜਾਵੇ, ਬਾਰੇ ਜਾਣੂ ਕਰਵਾਇਆ ਗਿਆ।
- ਕੰਪਿਊਟਰ ਫੈਕਲਟੀ ਦੁਆਰਾ ਕੋਹਾ ਸਾਫਟਵੇਅਰ ਤੇ ਲਾਇਬ੍ਰੇਰੀ ਦਾ ਆਟੋਮੇਸ਼ਨ ਦਾ ਕੰਮ ਚੱਲ ਰਿਹਾ ਹੈ। ਜਿਸ ਵਿੱਚ ਪ੍ਰੋ.ਗਗਨਦੀਪ ਕੌਰ ਨੋਡਲ ਅਫਸਰ ਦੀ ਭੂਮਿਕਾ ਨਿਭਾ ਰਹੇ ਹਨ।

## ➢ ਜੌਗਰਫੀ ਵਿਭਾਗ

- ਜੌਗਰਫੀ ਵਿਭਾਗ ਵਲੋਂ ਸ਼ੈਸਨ 2021-2022 ਵਿੱਚ ਜੌਗਰਫੀ ਵਿਭਾਗ ਵਿਖੇ ਬੀ.ਏ.ਭਾਗ –I,II,IIIਦੀਆਂ ਵਿਦਿਆਰਥਣਾਂ ਨੇ ਨਕਸ਼ਾ ਬਣਾਉਣ ,ਚਾਰਟ ਬਣਾਉਣ ਮੁਕਾਬਲੇ ਕਰਵਾਏ ਗਏ।
- ਵਿਭਾਗ ਵਿੱਚ ਜੌਗਰਫੀ ਦੇ ਵੱਖ-ਵੱਖ ਵਿਸ਼ਿਆਂ ਉਤੇ ਪੇਪਰ ਰੀਡਿੰਗ ਮੁਕਾਬਲੇ ਕਰਵਾਏ ਗਏ ਅਤੇ ਜੇਤੂ ਵਿਦਿਆਰਥੀਆਂ ਨੂੰ ਸਰਟੀਫਿਕੇਟ ਦਿੱਤੇ ਗਏ।

## ➢ ਪੰਜਾਬੀ ਵਿਭਾਗ

- ਸਤੰਬਰ 2021 ਨੂੰ ' ਸ੍ਰੀ ਗੁਰੂ  ਤੇਗ ਬਹਾਦਰ ਸਾਹਿਬ ਜੀ'ਦੇ ਜੀਵਨ ਫਲਸਫੇ ਤੇ ਲੇਖ ਰਚਨਾ ਮੁਕਾਬਲਾ ਕਰਵਾਇਆ ਗਿਆ।1/11/2021 ਨੂੰ ' ਪੰਜਾਬੀ ਮਾਹ' ਮਨਾਉਣ ਸੰਬੰਧੀ ਭਾਸ਼ਾ ਵਿਭਾਗ ਸੇਰਾਂ ਵਾਲਾ ਗੇਟ ਪਟਿਆਲਾ ਵੱਲੋਂ ਰਾਜ ਪੱਧਰੀ ਭਾਸ਼ਾ ਸਮਾਰੋਹ ਵਿੱਚ ਸ਼ਮੂਲੀਅਤ ਕੀਤੀ।
- ਮਾਂ ਬੋਲੀ ਦੇ ਸੰਬੰਧ ਵਿੱਚ ' ਸਰਕਾਰੀ ਕਾਲਜ ਆਫ਼ ਐਜੂਕੇਸ਼ਨ'ਪਟਿਆਲਾ ਵਿਖੇ ' ਅੰਤਰ –ਕਾਲਜ ਕਾਵਿ-ਮੁਕਾਬਲੇ ' ਵਿੱਚ ਤਿੰਨ ਵਿਦਿਆਰਥਣਾਂ ਨੇ ਭਾਗ ਲਿਆ। ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਨਿਬੰਧ-ਲੇਖਨ ਤੇ ਕਾਵਿ-ਉਚਾਰਣ ਮੁਕਾਬਲੇ ਕਰਵਾਏ।
- 1 ਨਵੰਬਰ ਤੋਂ ਮਿਤੀ 30 ਨਵੰਬਰ ਤੱਕ ਪੰਜਾਬੀ ਮਾਹ ਸੰਬੰਧੀ ਸੁੰਦਰ ਲੇਖ ਮੁਕਾਬਲੇ ਤੇ ਕਵਿਤਾ ਉਚਾਰਣ ਮੁਕਾਬਲੇ ਕਰਵਾਏ ਗਏ।ਜਨਵੀ 2022 ਨੂੰ ਭਾਸ਼ਾ-ਮੰਚ ਦੀ ਸਥਾਪਨਾ ਕੀਤੀ ਗਈ।21 ਫਰਵਰੀ 2022 ਨੂੰ ਮਾਤ ਭਾਸ਼ਾ ਦਿਵਸ ਮੌਕੇ ਤੇ ਸਮੂਹ ਸਟਾਫ਼ ਨੂੰ ਮਾਂ –ਬੋਲੀ ਪੰਜਾਬੀ ਦੇ ਪ੍ਰਚਾਰ ਤੇ ਪ੍ਰਸਾਰ ਸੰਬੰਧੀ ਸਹੁੰ ਚੁਕਵਾਈ ਗਈ।

## ➢ ਇਤਿਹਾਸ ਵਿਭਾਗ

- .12 ਮਾਰਚ 2021 ਨੂੰ ਭਾਰਤ ਦੀ ਆਜਾਦੀ ਦੀ 75 ਵਰ੍ਹੇ ਗੰਢ ਨੂੰ ਸਮਰਪਿਤ ਸੈਮੀਨਾਰ ਕਰਵਾਇਆ।24 ਸਤੰਬਰ 2021 ਨੂੰ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 400 ਸਾਲਾ ਪ੍ਰਕਾਸ ਪੁਰਬ ਨੂੰ ਸਮਰਪਿਤ ਲੇਖ ਮੁਕਾਬਲਾ ਕਰਵਾਇਆ।5 ਅਕਤੂਬਰ 2021 ਨੂੰ ਮਹਾਤਮਾ ਗਾਧੀ ਜਯੰਤੀ ਮਨਾਈ ਗਈ।

- 24 ਨਵੰਬਰ 2021 ਨੂੰ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 400 ਸਾਲਾਂ ਪ੍ਰਕਾਸ ਪੂਰਬ ਨੂੰ ਸਮਰਪਿਤ ਕੁਵਿਜ ਮੁਕਾਬਲਾ ਕਰਵਾਇਆ।26 ਨਵੰਬਰ 2021 ਨੂੰ ਸੰਵਿਧਾਨ ਦਿਵਸ ਮਨਾਇਆ ਗਿਆ। 13 ਦਸੰਬਰ 2021 ਮਹਾਨ ਸਿੱਖ ਸ਼ਹੀਦ ਭਾਈ ਜੈਤਾ ਜੀ ਦੇ ਜਨਮ ਦਿਵਸ ਮੌਕੇ ਪ੍ਰੋ.ਸਾਹਿਬਾਨ ਵਲੋਂ ਉਨ੍ਹਾ ਦੀ ਸ਼ਹੀਦੀ ਬਾਰੇ ਵਿਦਿਆਰਥੀਆਂ ਨੂੰ ਕਰਵਾਇਆ।
- 15 ਦਸੰਬਰ 2021 ਵਿਪਨ ਰਾਵਤ ( Indian Armed Force) ਨੂੰ ਸਰਧਾਜਲੀ ਦੇਦੇ ਹੋਏ ਉਨ੍ਹਾ ਦੀ ਯਾਦ ਵਿੱਚ ਕਾਲਜ ਵਿੱਚ ਬੂਟਾ ਲਗਾਇਆ ਗਿਆ।17 ਜਨਵਰੀ 2022 ਕੂਕਾ ਅੰਦੋਲਨ ਬਾਰੇ ਆਨਲਾਈਨ ਸੈਮੀਨਾਰ ਕਰਵਾਇਆ ਗਿਆ.28 ਮਾਰਚ ਨੂੰ ਸਹੀਦ ਭਗਤ ਸਿੰਘ ਜੀ ਦੀ ਸ਼ਹੀਦੀ ਨੂੰ ਸਮਰਪਿਤ ਕਾਲਜ ਦੇ ਪ੍ਰੋ. ਸਾਹਿਬਾਨ ਵਲੋਂ ਲੈਕਚਰ ਦਿੱਤਾ ਗਿਆ।

### ➢ ਫਾਈਨ ਆਰਟਸ ਵਿਭਾਗ

- ਹਰ ਸਾਲ ਵਾਂਗ ਇਸ ਸਾਲ ਵੀ ਫਾਈਨ ਆਰਟਸ ਵਿਭਾਗ ਦੇ ਵਿਦਿਆਰਥੀਆਂ ਨੇ ਵੱਖ-ਵੱਖ ਮੁਕਾਬਲਿਆਂ ਵਿੱਚ ਭਾਗ ਲੈ ਕੇ ਇਨਾਮ ਜਿੱਤੇ ਅਤੇ ਕਾਲਜ ਦਾ ਨਾਂ ਰੋਸ਼ਨ ਕੀਤਾ।
- ਸਿਤੰਬਰ 2021 ਨੂੰ ਯੂਥ ਸਰਵਿਸ ਪੰਜਾਬ ਵੱਲੋਂ ਮੋਦੀ ਕਾਲਜ ਪਟਿਆਲਾ ਵਿਖੇ ਹੋਏ ਜਿਲ੍ਹਾਂ ਪੱਧਰੀ ਪੋਸਟਰ ਮੇਕਿੰਗ ਮੁਕਾਬਲੇ ਵਿੱਚ ਰਜਨੀ ਬੀ.ਏ.III ਦੀ ਵਿਦਿਆਰਥਣ ਨੇ ਪਹਿਲਾ ਇਨਾਮ ਹਾਸਲ ਕੀਤਾ।
- ਅਕਤੂਬਰ 2021 ਵਿੱਚ ਹੋਏ ਖੇਤਰੀ ਯੁਵਕ ਮੇਲੇ ਵਿੱਚ ਨਵਨੀਤ ਕੌਰ (ਬੀ.ਏ.III) ਨੇ ਕਲੇਅ ਮਾਡਲਿੰਗ ਮੁਕਾਬਲੇ ਵਿੱਚ ਦੂਜਾ ਸਥਾਨ ਮਨਜੀਤ ਕੌਰ (ਬੀ.ਏ.III)ਨੇ ਮਿੱਟੀ ਦੇ ਖਿਡੌਣੇ ਬਨਾਉਣ ਦੇ ਮੁਕਾਬਲੇ ਵਿੱਚ ਪਹਿਲਾ ਸਥਾਨ ਅਤੇ ਸੰਦੀਪ ਕੌਰ (ਐਮ.ਏ.II)ਨੇ ਪੇਂਟਿੰਗ ਆਨ ਦ ਸਪਾਟ ਮੁਕਾਬਲੇ ਵਿੱਚ ਤੀਜਾ ਸਥਾਨ ਹਾਸਿਲ ਕੀਤੀ।
- ਅੰਤਰ ਖੇਤਰੀ ਯੁਵਕ ਮੇਲੇ ਵਿੱਚ ਮਨਜੀਤ ਕੌਰ ਨੇ ਮਿੱਟੀ ਦੇ ਖਿਡੌਣੇ ਮੁਕਾਬਲੇ ਵਿੱਚ ਪਹਿਲਾ ਇਨਾਮ ਹਾਸਲ ਕੀਤਾ ਅਤੇ ਨਵਨੀਤ ਕੌਰ ਨੇ ਕਲੇਅ ਮਾਡਲਿੰਗ ਮੁਕਾਬਲੇ ਵਿੱਚ ਤੀਜਾ ਸਥਾਨ ਹਾਸਲ ਕੀਤਾ।ਸਰਕਾਰੀ ਸਟੇਟ ਕਾਲਜ ਆਫ. ਐਜੂਕੇਸ਼ਨ,ਪਟਿਆਲਾ ਵਿਖੇ ਮਨਾਏ ‘ ਪੰਜਾਬੀ ਮਾਹ ’ ਦੌਰਾਨ ਕਮਲਜੀਤ ਕੌਰ (ਬੀ.ਏ.III) ਨੇ ਸਲੋਗਨ ਲੇਖਣ ਮੁਕਾਬਲੇ ਵਿੱਚ ਤੀਜਾ ਇਨਾਮ ਹਾਸਲ ਕੀਤਾ।

### ➢ ਮਨੋਵਿਗਿਆਨ ਵਿਭਾਗ

- ਮਨੋਵਿਗਿਆਨ ਵਿਭਾਗ ਵਲੋਂ ਅੰਤਰ –ਰਾਸ਼ਟਰੀ ਮਹਿਲਾ ਦਿਵਸ 8 ਮਾਰਚ 2022 ਦੇ ਮੌਕੇ ਤੇ Role of Women in Mental health Management of Society ਵਿਸ਼ੇ ਤਹਿਤ ਪੋਸਟਰ ਬਣਾਉਣ ਮੁਕਾਬਲਾ ਕਰਵਾਇਆ ਗਿਆ ਜਿਸ ਵਿੱਚ ਵਿਦਿਆਰਥਣਾਂ ਨੇ ਪੋਸਟਰਾਂ ਰਾਹੀ ਮਹਿਲਾਵਾਂ ਨੂੰ ਅਜੋਕੇ ਸਮੇਂ ਵਿੱਚ ਪੇਸ਼ ਆ ਰਹੀਆਂ ਮੁਸ਼ਕਲਾਂ ਅਤੇ ਚੁਣੌਤੀਆਂ ਨੂੰ ਨਜਿੱਠਣ ਦੇ ਮਨੋਵਿਗਿਆਨਕ ਢੰਗ ਦਰਸਾਉਣ ਦੀ ਕੋਸ਼ਿਸ ਕੀਤੀ। ਮੁਕਾਬਲੇ ਵਿੱਚ 25 ਵਿਦਿਆਰਥਣਾਂ ਨੇ ਭਾਗ ਲਿਆ।

### ➢ ਸੰਗੀਤ ਵਾਦਨ ਵਿਭਾਗ

- ਸ਼ੈਸ਼ਨ ਦੇ ਆਰੰਭ ਵਿੱਚ ਟੇਲੰਟ ਹੰਟ ਮੁਕਾਬਲੇ ਕਰਵਾਏ ਗਏ।ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਖੇਤਰੀ ਯੁਵਕ ਮੇਲਾ ਜੋ ਕਿ ਜਸਦੇਵ ਸਿੰਘ ਸੰਧੂ ਗਰੁੱਪ ਆਫ਼ ਕਾਲਜਿਜ ਵਿਖੇ ਮਿਤੀ 28ਤੋਂ31 ਅਕਤੂਬਰ 2021 ਨੂੰ ਹੋਇਆ, ਵਿੱਚ ਵਿਭਾਗ ਦੀ ਬੀ.ਏ. IIIਦੀ ਵਿਦਿਆਰਥਣ ਹਰਸਿਮਰਨਜੀਤ ਕੌਰ (3159) ਨੇ ਨਾਨ ਪ੍ਰਕਾਸ਼ਨ ਦੀ ਆਈਟਮ ਵਿੱਚ ਭਾਗ ਲੈਕੇ ਤੀਜਾ ਸਥਾਨ ਪ੍ਰਾਪਤ ਕੀਤਾ।
- ਵਿਭਾਗ ਵਿੱਚ ਦਸੰਬਰ 2021 ਨੂੰ ਪ੍ਰੋ. ਸਾਇਨਾ ਸ਼ਰਮਾ ਨਵ- ਨਿਯੁਕਤ ਹੋਏ।ਸਮੇਂ-ਸਮੇਂ ਤੇ ਹੋਣ ਵਾਲੇ ਸੰਗੀਤ ਵਿਸ਼ੇ ਨਾਲ ਸੰਬੰਧਿਤ ਵੈਬੀਨਾਰਾਂ ਵਿੱਚ ਵਿਭਾਗ ਦੇ ਅਧਿਆਪਕਾਂ ਅਤੇ ਵਿਦਿਆਰਥਣਾਂ ਨੇ ਸ਼ਿਰਕਤ ਕੀਤੀ।

## ➢ ਹੋਮ ਸਾਇੰਸ ਵਿਭਾਗ

- ਹੋਮ ਸਾਇੰਸ ਵਿਭਾਗ ਵਲੋਂ ਹੋਮ ਸਾਇੰਸ ਸੋਸਾਇਟੀ ਅਧੀਨ ਸਾਲ 2021 ਵਿੱਚ ਵੱਖ –ਵੱਖ ਮੁਕਾਬਲੇ ਕਰਵਾਏ ਗਏ ਜਿਸ ਵਿੱਚ ਬੀ.ਏ. ,ਬੀ.ਐਸ.ਸੀ. ਦੀਆਂ ਵਿਦਿਆਰਥਣਾਂ ਨੇ ਵੱਧ ਚੜ੍ਹਕੇ ਹਿੱਸਾ ਲਿਆ।20-9-2021 ਨੂੰ ਰੰਗੋਲੀ,ਪੋਸਟਰ ਬਣਾਉਣ ਅਤੇ ਰਵਾਇਤੀ ਕਢਾਈ ਦੇ ਮੁਕਾਬਲੇ ਕਰਵਾਏ ਗਏ। ਜਿਸ ਵਿੱਚ ਵਿਦਿਆਰਥਣਾਂ ਨੇ ਆਪਣੀਆਂ -2 ਕਲਾਵਾਂ ਦਾ ਪ੍ਰਦਰਸ਼ਨ ਰੰਗਾਂ, ਆਕਾਰਾ ਅਤੇ ਫਲੋਰਲ ਡੀਜ਼ਇਨਾਂ ਦੁਆਰਾ ਕੀਤਾ।
- 21-9-2021 ਨੂੰ **ਪੋਸ਼ਣ ਮਾਹ ਮਨਾਇਆ** ਅਤੇ ਕੁਕਿੰਗ ਮੁਕਾਬਲੇ ਕਰਵਾਏ ਗਏ।
- ਹੋਮ ਸਾਇੰਸ ਦੀਆਂ ਵਿਦਿਆਰਥਣਾਂ ਨੇ ਪੋਸ਼ਟਿਕ ਸਨੈਕਸ,ਕੇਕ,ਪੁੰਗਰੀਆਂ ਦਾਲਾਂ ਅਤੇ ਖਮੀਰੀਕਰਣ ਤੋਂ ਸਸਤੇ ਤੇ ਪੋਸ਼ਟਿਕ ਵਿਅੰਜਣ ਤਿਆਰ ਕੀਤੇ। ਕਾਲਜ ਦੇ ਪ੍ਰਿੰਸੀਪਲ ਮੈਡਮ ਰੈਨੂੰ ਜੈਨ ਅਤੇ ਪ੍ਰੋ. ਸਹਿਬਾਨਾਂ ਨੇ ਸ਼ਿਰਕਤ ਕੀਤੀ।5-10-2021 ਤੇ 7-10-2021 ਨੂੰ ਉਸ਼ਾ ਸਿਲਾਈ ਮਸੀਨ ਵਲੋਂ ਤਿੰਨ ਰੋਜਾ ਵਰਕਸ਼ਾਪ ਲਗਾ ਕੇ ਬੱਚਿਆ ਨੂੰ ਸਿਲਾਈ ਅਤੇ ਕਢਾਈ ਦੇ ਮਨਮੋਹਨ ਨਮੂਨੇ ਤੇ ਸਿਲਾਈ ਕਰਨ ਦੇ ਵੱਖ-ਵੱਖ ਤਰੀਕੇ ਦੱਸੇ।
- 22-10-2021 ਨੂੰ ' ਬੈਸਟ ਆਉਟ ਆਫ ਵੇਸਟ' ਦੇ ਇੱਕ ਰੋਜਾ ਵਰਕਸ਼ਾਪ ਦੌਰਾਨ ਮਹਾਰਾਸ਼ਟਰ ਦੀ NGO ਤੋਂ ਆਏ ਮਿ.ਵਿਜੈ ਨੇ ਬੱਚਿਆਂ ਨੂੰ ਪੈਪਰਾਂ ਤੋਂ ਫੁੱਲ ਰੰਗੋਲੀ ਬਣਾਉਣੀ ਸਿਖਾਈ। ਬੀ.ਏ. ਭਾਗ ਪਹਿਲਾ ਦੀਆਂ ਵਿਦਿਆਰਥਣਾਂ ਨੇ ਪੁਰਾਣੇ ਕੱਪੜਿਆਂ ਅਤੇ ਜੀਨਾਂ ਤੋਂ ਬੈਗ ਵੀ ਤਿਆਰ ਕੀਤੇ।

## ➢ ਸੰਗੀਤ ਗਾਇਨ ਵਿਭਾਗ

- ਮਿਤੀ 8-9-2021 ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 400 ਸਾਲਾਂ ਜਨਮ ਦਿਵਸ ਦੇ ਮੌਕੇ ਸੰਗੀਤ ਗਾਇਨ ਵਿਭਾਗ ਵਲੋਂ ਕੀਰਤਨ ਦਰਬਾਰ ਅਤੇ ਸ਼ਬਦ ਗਾਇਨ ਮੁਕਾਬਲਾ ਕਰਵਾਇਆ ਗਿਆ।
- ਇਸ ਵਿੱਚ ਬੀ.ਏ. ਭਾਗ ਦੂਜਾ, ਭਾਗ ਤੀਜਾ ਅਤੇ ਐਮ.ਏ.ਭਾਗ ਦੂਜਾ ਦੀਆਂ ਵਿਦਿਆਰਥਣਾਂ ਵਲੋਂ ਪਹਿਲਾ, ਦੂਜਾ ਅਤੇ ਤੀਜਾ ਸਧਾਨ ਪ੍ਰਾਪਤ ਕੀਤਾ। ਮਿਤੀ 28,29,30 ਅਤੇ 31 ਅਕਤੂਬਰ 2021 ਨੂੰ ਜ਼ੋਨਲ ਯੂਥ ਫੈਸਟੀਵਲ ਵਿੱਚ ਵਿਭਾਗ ਵਲੋਂ 5 ਆਇਟਮਾਂ ਭੇਜੀਆਂ ਗਈਆਂ।
- ਜਿਨ੍ਹਾਂ ਵਿੱਚੋਂ ਭਾਰਤੀ ਸਮੂਹ ਗਾਇਨ ਅਤੇ ਲੋਕ ਗੀਤ ਪਹਿਲਾ ਅਤੇ ਕਵੀਸ਼ਰੀ ਨੇ ਤੀਜਾ ਸਥਾਨ ਹਾਸਲ ਕੀਤਾ।ਮਿਤੀ 13,14,15 ਅਤੇ 16 ਨਵੰਬਰ 2021 ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਹੋਏ ਇੰਟਰਜ਼ੋਨਲ ਯੂਥਫੈਸਟੀਵਲ ਵਿੱਚ ਵਿਭਾਗ ਦੀ ਭਾਰਤੀ ਸਮੂਹ ਗਾਇਨ ਦੀ ਟੀਮ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ।ਹਰ ਸਾਲ ਦੀ ਤਰ੍ਹਾਂ ਵਿਭਾਗ ਦੀਆਂ ਵਿਦਿਆਰਥਣਾਂ ਵਲੋਂ 15 ਅਗਸਤ ਅਤੇ 26 ਜਨਵਰੀ ਦੇ ਵਿਸ਼ੇਸ ਮੌਕੇ ਕਾਲਜ ਅਤੇ ਪੋਲੋ ਗਰਾਉਡ ਵਿਖੇ ਰਾਸ਼ਟਰੀ ਗੀਤ ਦਾ ਗਾਇਨ ਕੀਤਾ ਗਿਆ।

## ➢ ਡਾਂਸ ਵਿਭਾਗ

- 31 ਅਗਸਤ 2021 ਨੂੰ ਵਿਭਾਗ ਦੇ ਮੁਖੀ ਡਾ: ਜੀਵਨ ਬਾਲਾ ਸ਼ਾਨਦਾਰ ਸੇਵਾ ਨਿਭਾਉਣ ਤੋਂ ਬਾਅਦ ਸੇਵਾ ਮੁਕਤ ਹੋਏ।ਵਿਭਆਗ ਦੇ ਮੁਖੀ ਡਾ: ਪੁਸਪਿੰਦਰ ਵਲੋਂ ਕਾਲਜ ਦੇ ਐਮ.ਏ. ਦੇ ਵਿਦਿਆਰਥੀਆਂ ਲਈ ਸਿੱਖਿਆ ਦਾਇਕ ਟੂਰ ਪ੍ਰੋਗਰਾਮ ਕੁਰੂਕਸ਼ੇਤਰ ਯੂਨੀਵਰਸਿਟੀ ਅਤੇ ਹੋਰ ਇਤਿਹਾਸਿਕ ਸਥਾਨਾਂ ਵਿਖੇ ਵਿਜ਼ਿਟ ਕਰਵਾਈ ਗਈ। ਇਸ ਦੂਰ ਦੌਰਾਨ ਡਾਂਸ ਵਿਭਾਗ ਦੇ ਰਿਟਾਇਰ ਮੁਖੀ ਡਾ: ਡੇਜੀ ਵਾਲੀਆਂ ਅਤੇ ਕਾਲਜ ਦੇ ਪ੍ਰੋਫੈਸਰ ਡਾ: ਸੀਮਾ ਸ਼ਰਮਾ ਨੇ ਵਿਦਿਆਰਥੀਆਂ

ਨੂੰ ਬਹੁਮੁੱਲੀ ਜਾਣਕਾਰੀ ਪ੍ਰਦਾਨ ਕੀਤੀ।ਵਿਭਾਗ ਦੇ ਅਧਿਆਪਕਾਂ ਵਲੋਂ ਅਗਸਤ 2021 ਵਿੱਚ ਵਿਦਿਆਰਥੀਆਂ ਨੂੰ ਸਪੈਸ਼ਨ ਗਿੱਧੇ ਦੀ ਟਰੇਨਿੰਗ ਦਿੱਤੀ ਗਈ।

## ਨਿੱਜੀ ਪ੍ਰਾਪਤੀਆਂ

### ਪ੍ਰੋ.ਹਰਤੇਜ ਕੋਰ

- ਸਾਹਿਤ ਅਕਾਦਮੀ ਨਵੀਂ ਦਿੱਲੀ ਵੱਲੋਂ ਪ੍ਰਕਾਸ਼ਿਤ ਪੰਜਾਬੀ ਤੋਂ ਅੰਗਰੇਜੀ ਵਿੱਚ ਅਨੁਵਾਦ ਕੀਤੀਆਂ ਕਹਾਣੀਆਂ ਦੀ ਕਿਤਾਬ ' Where is my Home ? ਸਿਰਲੇਖ ਅਧੀਨ ਦੋ ਕਹਾਣੀਆਂ ਛਪੀਆਂ ' ।

### ਪ੍ਰੋ.ਕੰਵਲਜੀਤ ਕੋਰ

- ਮਿਤੀ 7/6/2021 ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ' ਬੋਰਡ ਆਫਅੰਡਰ ਗ੍ਰੈਜੂਏਟ ਸਟੱਡੀਜ਼ ਇਨ ਪੰਜਾਬੀ ' ਦਾ ਮੈਂਬਰ ਨਿਯੁਕਤ ਕੀਤਾ ਗਿਆ।1/11/2021 ਨੂੰ ' ਪੰਜਾਬੀ ਮਾਹ' ਮਨਾਉਣ ਸੰਬੰਧੀ ਭਾਸ਼ਾ ਵਿਭਾਗ ਸੇਰਾਂ ਵਾਲਾ ਗੇਟ ਪਟਿਆਲਾ ਵੱਲੋਂ ਰਾਜ ਪੱਧਰੀ ਭਾਸ਼ਾ ਸਮਾਰੋਹ ਵਿੱਚ ਸ਼ਮੂਲੀਅਤ ਕੀਤੀ।
- ਸਰਕਾਰੀ ਕਾਲਜ ਆਫ ਐਜੂਕੇਸ਼ਨ ਪਟਿਆਲਾ ਵਿਖੇ ਮਨਾਏ ਗਏ **' ਪੰਜਾਬੀ ਮਾਹ '** ਦੇ ਦੌਰਾਨ ਕਾਵਿ – ਉਚਾਰਣ' ਮੁਕਾਬਲੇ ਵਿੱਚ ਵਿਦਿਆਰਥੀਆਂ ਨਾਲ ਸ਼ਿਰਕਤ ਕੀਤੀ। ਕਾਲਜ ਮੈਗਜੀਨ ' ਜੋਤਿ' ਦੀ ਸੰਪਾਦਕੀ ਲਿਖੀ ਅਤੇ ਪੰਜਾਬੀ ਸੈਕਸ਼ਨ ਦਾ ਸੰਪਾਦਨ ਵੀ ਕੀਤਾ।

### ਪ੍ਰੋ.ਸੋਨੀਆਂ

ਅਸਿਸਟੈਂਟ ਪ੍ਰੋਫੈਸਰ ਤੋਂ ਐਸੋਸੀਏਟ ਪ੍ਰੋਫੈਸਰ ਵਜੋਂ ਪਦਉਨੰਤ ਹੋਏ।ਕਾਲਜ ਵਿਖੇ ਬਤੌਰ ਕਨਵੀਨਰ ,ਲੀਗਲ ਸੈੱਲ ਕਮੇਟੀ ਵਿਦਿਆਰਥਣਾਂ ਨੂੰ ਲੀਗਲ ਏਡ ਨਾਲ ਜਾਣੂ ਕਰਣਾਉਣ ਲਈ ਦੋ ਲੈਕਚਰ ਦਿੱਤੇ।

### ਪ੍ਰੋ.ਹਰਪ੍ਰੀਤ ਕੋਰ

- 3ਰਿਸਰਚ ਪੇਪਰ ਕ੍ਰਮਵਾਰ " kaleidoscope of Themes in Indian writing in English" International Reserech Journal Oct.2021 ISBN/2319-4979 ਵਿੱਚ ਛਪਿਆ।ਰਿਸਰਚ ਪੇਪਰ " The Role of Mother Tongue in English Language Teaching" The Jornal of Oriental Research special issue 2021 Oct. ISBN: 0022-3301 ਵਿੱਚ ਛਪਿਆ।
- " Environmental Phenomeanon in The Poetry of Words Worth" Multilingual Bi-annual peer Reviewed Journal 2021 Oct.-Dec. ISBN:978-93-52050-22-2 ਵਿੱਚ ਛਪਿਆ।St.Joseph's College for Women (Autonomous) Viskhapatnam ਵਿਖੇ (Deptt. Of English) 9 ਸਤੰਬਰ 2021 ਨੂੰ ਆਨਲਾਈਨ ਗੈਸਟ ਲੈਕਚਰ ਦਿੱਤਾ।18 ਜੂਨ 2021 ਨੂੰ ਸਰੂਪ ਰਾਣੀ ਸਰਕਾਰੀ ਕਾਲਜ ਫਾਰ ਵੂਮੈਨ ਅੰਮ੍ਰਿਤਸਰ ਵਲੋਂ ਆਯੋਜਿਤ ਇੱਕ ਰੋਜਾ ਅੰਤਰਰਾਸ਼ਟਰੀ ਆਨਲਾਈਨ ਵੈਬੀਨਾਰ ਵਿੱਚ ਭਾਗ ਲਿਆ।
- ਜਗਤ ਗੁਰੂ ਨਾਨਕ ਦੇਵ ਸਟੇਟ ਓਪਨ ਯੂਨੀਵਰਸਿਟੀ ,ਪਟਿਆਲਾ ਦੇ ਬੀ.ਏ. ਕੋਰਸ ਪੇਪਰ ਰੀਡਿੰਗ ਡਰਾਮਾਂ(ਸਤੰਬਰ 2022 ) ਵਿੱਚ ਲੈਸਨ ( ਦੋ ਯੂਨਿਟ) ਪ੍ਰਕਾਸ਼ਿਤ ਹੋਏ ਹਨ।

## ਪ੍ਰੀਤਇੰਦਰ ਕੌਰ

- ਸ਼ੈਸ਼ਨ ਦੇ ਆਰੰਭ ਵਿੱਚ ਵਿਦਿਆਰਥਣਾਂ ਦੇ ਟੇਲੰਟ ਨੂੰ ਖੋਜਣ ਲਈ ਵਿਭਾਗ ਵਿਖੇ ਪ੍ਰਤਿਭਾ ਖੋਜ ਮੁਕਾਬਲੇ ਕਰਵਾਏ ਗਏ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਖੇਤਰੀ ਯੁਵਕ ਮੇਲੇ ਜੋ ਕਿ ਸ.ਜਸਦੇਵ ਸਿੰਘ ਸੰਧੂ ਕਾਲਜ, ਕੌਲੀ ਵਿਖੇ ਮਿਤੀ28 ਤੋਂ31 ਅਕਤੂਬਰ 2021 ਨੂੰ ਹੋਇਆ ਵਿੱਚ ਵਿਭਾਗ ਦੀ ਬੀ.ਏ.III ਦੀ ਵਿਦਿਆਰਥਣ ਹਰ ਸਿਮਰਨਜੀਤ ਕੌਰ (3159) ਨੇ ਨਾਨ ਪ੍ਰਕਾਸ਼ਨ ਦੀ ਆਈਟਮ ਵਿੱਚ ਭਾਗ ਲੈਕੇ ਤੀਜਾ ਸਥਾਨ ਪ੍ਰਾਪਤ ਕੀਤਾ।
- ਸਮੇਂ-ਸਮੇਂ ਤੇ ਹੋਣ ਵਾਲੇ ਆਨ ਲਾਈਨ ਸੈਮੀਨਾਰਾਂ /ਵੈਬੀਨਾਰਾਂ ਵਿੱਚ ਵਿਭਾਗ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੇ ਸ਼ਿਰਕਤ ਕੀਤੀ।-ਨਵੰਬਰ 2021 ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਖੇ ਜੋਨਲ ਯੂਥ ਫੈਸਟੀਵਲ ਵਿੱਚ ਜੱਜ ਦੀ ਭੂਮਿਕਾ ਨਿਭਾਈ। ਇੱਕ ਵਿਦਿਆਰਥਣ ਦਾ ਪੀ.ਐਚ.ਡੀ. ਦਾ ਥੀਸੀਜ਼ ਪੇਸ਼ ਕੀਤਾ ਗਿਆ।
- ਸਮੇਂ –ਸਮੇਂ ਤੇ ਸੰਗੀਤ ਵਿਸ਼ੇ ਨਾਲ ਸੰਬੰਧਿਤ ਵੈਬੀਨਾਰਾਂ ਵਿੱਚ ਸ਼ਿਰਕਤ ਕੀਤੀ।ਫਰਵਰੀ 2021 ਵਿੱਚ INTERNATINAL JOURNAL OF ANALYLICAL AND EXPERIMENTAL MODAL ANALYSIS ਵਿੱਚ ਇੱਕ ਖੋਜ ਪੱਤਰ‘ EFFECT OF MUNIC THERAPHY ON COVID 19 PALIENTS’ ਵਿਸ਼ੇ ਤੇ ਪ੍ਰਕਾਸ਼ਿਤ ਹੋਇਆ (ISSN NO 0886-9367)

## ਪ੍ਰੋ.ਸਕਿੰਦਰ ਕੌਰ

ਪੰਜਾਬੀ ਯੂਨੀਵਰਸਿਟੀ ਪਟਿਆਲਾ ਬੋਰਡ ਆਫ ਅੰਡਰ ਗ੍ਰੇਜੂਏਟ ਸਟੱਡੀਜ ਇਨ ਹਿਸਟਰੀ ਦੇ ਮੈਬਰ ਨਿਯੁਕਤ ਕੀਤਾ।

### ਡਾ.ਅਨੀਲਾ ਸਲਤਾਨਾ

ਵੈਕਸੀਨੇਸਨ ਡਿਊਟੀ ਦੁਧਨਸਾਧਾ(ਪਟਿਆਲਾ) ਵਿਖੇ 23-1-2022 ਤੋਂ 23-2-2022 ਤੱਕ ਨਿਭਾਈ

### ਡਾ.ਕੁਲਵਿੰਦਰ ਕੌਰ

- ਪੋਸਟ ਗ੍ਰੇਜੁਏਟ ਸਰਕਾਰੀ ਕਾਲਜ ਸੈਕਟਰ 46 ਚੰਡੀਗੜ੍ਹ ,R.K.S.D(PG) ਕਾਲਜ ਕੈਥਲ ਅਤੇ ਡੀ.ਏ.ਵੀ ਕਾਲਜ ਸਦੌਰਾ(ਯਮੁਨਾਨਗਰ) ਵਿਖੇ ਕ੍ਰਮਵਾਰ ਨਵੰਬਰ ਅਤੇ ਦਸੰਬਰ 2021 ਵਿੱਚ ਹੋਏ ਖੇਤਰੀ ਯੁਵਕ ਮੇਲਿਆ ਵਿੱਚ ਬਤੌਰ ਜੱਜ ਦੀ ਭੂਮਿਕਾ ਨਿਭਾਈ।
- ਪ੍ਰਤਿਭਾ ਸਪੰਦਨ (ਚੈਰੀਟੇਬਲ ) ਸੋਸਾਇਟੀ ਸ਼ਿਮਲਾ ਦੇ ਸਹਿਯੋਗ ਨਾਲ ਸਰਕਾਰੀ ਕਾਲਜ ਨਿਹਰੀ ਮੰਡੀ ਵਲੋਂ ਮਿਤੀ 19-2-2022 ਨੂੰ ਆਯੋਜਿਤ ਨੈਸ਼ਨਲ ਈ- ਕਾਨਫਰੰਸ ਵਿੱਚ Value Based Education ਵਿਸ਼ੇ ਤੇ ਰਿਸਰਚ ਪੇਪਰ ਪ੍ਰਸਤੁਤ ਕੀਤਾ।ਮਿਤੀ 12-3-2022 ਤੋਂ 25-3-2022 ਤੱਕ ਰਿਫਰੈਸ਼ਰ ਕੋਰਸ ਕੀਤਾ।ਇੱਕ ਪੀ,ਐਚ.ਡੀ. ਦੀ ਵਿਦਿਆਰਥਣ ਦਾ ਵਾਈਵਾ ਮਿਤੀ 5-4-2022 ਨੂੰ ਹੋਇਆ।

## ਸ੍ਰੀ ਮਤੀ ਬਲਜਿੰਦਰ ਕੌਰ(ਲਾਇਬ੍ਰੇਰੀਅਨ)

- ਇਨਟੈਕਚੁਅਲ ਪ੍ਰਾਪਰਟੀ ਰਾਈਟ ਵਿਸ਼ੇ ਤੇ ਮੈਗਸੀਪਾ ਚੰਡੀਗੜ੍ਹ ਦੁਆਰਾ ਕੰਡਕਟ ਕੀਤਾ ਵੈਬੀਨਾਰ 14-16 ਸਤੰਬਰ 2021 ਨੂੰ ਅਟੈਂਡ ਕੀਤ।ਗੋਪੀ ਚੰਦ ਆਰੀਆਂ ਮਹਿਲਾ ਕਾਲਜ ਅਬੋਹਰ ਦੇ ਲਾਇਬ੍ਰੇਰੀਅਨ ਦੀ ਸਲੈਕਸ਼ਨ ਕਮੇਟੀ ਵਿੱਚ ਵਿਸ਼ਾ ਮਾਹਰ ਵਜੋਂ ਡੀ.ਏ.ਵੀ. ਕਾਲਜ ਮੈਨੇਜਿੰਗ ਕਮੇਟੀ ਨਵੀ ਦਿੱਲੀ ਵਿਖੇ 22-9-2021 ਨੂੰ ਸ਼ਿਰਕਤ ਕੀਤੀ।ਕੋਹਾ ਸਾਫਟਵੇਅਰ ਦੀ ਟਰੇਨਿੰਗ ਮੈਗਸੀਪਾ ਚੰਡੀਗੜ੍ਹ ਵਿਖੇ 22-2-21 ਨੂੰ ਅਟੈਂਡ ਕੀਤੀ ਗਈ।

**ਡਾ.ਮੀਤਿਕਾ ਗੋਇਲ**

- ਮਿਤੀ 4 ਮਈ 2021 ਨੂੰ ਸ਼ਹੀਦ ਮੇਜਰ ਹਰਮਿੰਦਰ ਪਾਲ ਸਿੰਘ ਸਰਕਾਰੀ ਕਾਲਜ ਮੋਹਾਲੀ ਦੁਆਰਾ ਆਯੋਜਿਤ ਵੈਬੀਨਾਰ' Human Rights and Sri. Guru Teg Bahadur Ji : Travels and Teching' ਵਿੱਚ ਭਾਗ ਲਿਆ।
- ਮਿਤੀ 24 ਜੂਨ 2021 ਨੂੰ ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਦੁਆਰਾ ਆਯੋਜਿਤ ਇੱਕ ਰੋਜਾ ਨੈਸ਼ਨਲ ਵੈਬੀਨਾਰ 'Emprowesing Higher Education Through open and Distance Learing' ਵਿੱਚ ਭਾਗ ਲਿਆ।
- ਮਿਤੀ 1 ਜੁਲਾਈ 2021 ਨੂੰ ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਦੁਆਰਾ ਆਯੋਜਿਤ ਇੱਕ ਰੋਜਾ ਨੈਸ਼ਨਲ ਵੈਬੀਨਾਰ ' Achieving Excellence in Higher Education' ਵਿੱਚ ਭਾਗ ਲਿਆ।
- ਮਿਤੀ 24 ਜਨਵਰੀ 2022 ਨੂੰ ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਦੁਆਰਾ ਆਯੋਜਿਤ ਇੱਕ ਰੋਜਾ ਨੈਸਨਲ ਵੈਬੀਨਾਰ ' Girl Child in India : Issues and Concernes ਵਿੱਚ ਭਾਗ ਲਿਆ।

**ਡਾ.ਬਲਵਿੰਦਰ ਕੌਰ**

- ਮਿਤੀ : 14-9-2021 ਨੂੰ ਹਿੰਦੀ ਦਿਵਸ ਦੇ ਮੌਕੇ ਤੇ ਭਾਸ਼ਾ ਵਿਭਾਗ ,ਪੰਜਾਬ ਵੱਲੋਂ ਆਯੋਜਿਤ ਹਿੰਦੀ ਦਿਵਸ ਸਮਾਰੋਹ ਵਿੱਚ ਭਾਗ ਲਿਆ।
- ਐਨ.ਐਸ.ਐਸ. ਦੇ ਪ੍ਰੋਗਰਾਮ ਅਫ਼ਸਰ ਯੂਨਿਟ-2 ਵਜੋਂ ਪੂਰੇ ਸੈਸ਼ਨ ਦੌਰਾਨ ਵੱਖ-ਵੱਖ ਗਤੀਵਿਧੀਆਂ ਲਈ ਵਲੰਟੀਅਰਾਂ ਨੂੰ ਤਿਆਰ ਕੀਤਾ ਅਤੇ ਭਾਗ ਲਿਆ।
- ਸਵੱਛਤਾ ਕਮੇਟੀ ਵਿੱਚ ਨਗਰ ਨਿਗਮ ਪਟਿਆਲਾ ਦੀ ਹਿਦਾਇਤਾਂ ਅਨੁਸਾਰ ਕੰਮ ਕੀਤਾ।

**ਡਾ: ਪ੍ਰਵੀਨ ਬਾਲਾ**

- ਸਾਹਿਤਯ ਸੰਚਯ ਪ੍ਰਕਾਸ਼ਨ ਦਿੱਲੀ 2021 ,ਵਲੋਂ ਪ੍ਰਕਾਸ਼ਿਤ ਪੁਸਤਕ ਸਮਕਾਲੀਨ ਹਿੰਦੀ ਕਵਿਤਾ, ਵਿਚੋ ਇੱਕ ਖੋਜ ਪੱਤਰ "ਪੰਜਾਬ ਸਮਕਾਲੀਨ ਹਿੰਦੀ ਕਵਿਤਾ" ISBN NO.978-93-91602-53-6) ਦੇ ਅਧੀਨ ਪ੍ਰਕਾਸ਼ਿਤ ਹੋਇਆ।
- 30-31 ਅਕਤੂਬਰ 2021 ਨੂੰ ਜਾਨਕੀ ਦੇਵੀ ਮੈਮੋਰੀਅਲ ਕਾਲਜ ਦਿੱਲੀ ਵਲੋਂ ਆਯੋਜਿਤ ਦੋ ਰੋਜ਼ਾ ਅੰਤਰਰਾਸ਼ਟਰੀ ਸੈਮੀਨਾਰ ਵਿੱਚ 'ਪੰਜਾਬ ਦੀ ਸਮਕਾਲੀਨ ਹਿੰਦੀ ਕਵਿਤਾ : ਵਿਸ਼ੇਸ ਚਰਚਿਤ ਕਵਿ' ਵਿਸ਼ੇ ਤੇ ਖੋਜ ਪੱਤਰ ਪ੍ਰਸਤੁਤ ਕੀਤਾ।
- ਮਿਤੀ 15 ਅਪ੍ਰੈਲ 2021 ਨੂੰ ਸਾਹੂ ਰਾਮ ਮਹਿਲਾ ਮਹਾਂਵਿਦਿਆਲਯ ਬਰੇਲੀ ਦੁਆਰਾਰ ਆਯੋਜਿਤ ਇੱਕ ਰੋਜ਼ਾ ਰਾਸ਼ਟਰੀ ਕਾਨਫਰੰਸ ਵਿੱਚ ' ਬੂਸਟਿੰਗ ਇਮਨਯੂਟੀ ਬਾਏ ਆਯੁਰਵੇਦਾ' ਵਿਸ਼ੇ ਤੇ ਪੱਤਰ ਪ੍ਰਸਤੁਤ ਕੀਤਾ।
- 3 ਮਾਰਚ 2021 ਨੂੰ ਸ੍ਰੀ ਮੁਕੰਦ ਲਾਲ ਕਾਲਜ ਔਰੰਗਾਬਾਦ, ਮਹਾਰਸ਼ਟਰ,20-30 ਮਈ 2021 ਨੂੰ ਅਵਧੇਸ਼ ਪ੍ਰਾਪਤ ਸਿੰਘ ਯੂਨੀਵਰਸਿਟੀ ਰੇਵ(M.P),22-23 ਜੁਲਾਈ 2021 ਨੂੰ ਐਸ.ਐਲ.ਬਾਵਾ ਡੀ.ਏ.ਵੀ ਕਾਲਜ ਬਟਾਲਾ ਵਲੋਂ ਆਯੋਜਿਤ ਆਨਲਾਈਨ ਰਾਸ਼ਟਰੀ ਵਰਕਸ਼ਾਪ ਵਿੱਚ ਭਾਗ ਲਿਆ।
- 4 ਮਈ 2021 ,5 ਜੂਨ2021 ,8ਅਗਸਤ 2021 ਅਤੇ 10 ਜਨਵਰੀ 2022 ਨੂੰ ਵੱਖ -2 ਸੰਸਥਾਵਾਂ ਵਲੋਂ ਆਯੋਜਿਤ ਇੱਕ ਰੋਜ਼ਾ ਅੰਤਰਰਸ਼ਟਰੀ ਵੈਬੀਨਾਰ ਵਿੱਚ ਭਾਗ ਲਿਆ।

- 20-21 ਜਨਵਰੀ 2021 ਅਤੇ 10-11 ਜੁਲਾਈ 2021 ਨੂੰ ਵੱਖ -2 ਸੰਸਥਾਵਾਂ ਵਲੋਂ ਆਯੋਜਿਤ ਦੋ ਰੋਜ਼ਾ ਅੰਤਰਰਾਸ਼ਟਰੀ ਵੈਬੀਨਾਰ ਵਿੱਚ ਸ਼ਿਰਕਤ ਕੀਤੀ।
- 13-15 ਜੂਨ 2021 ਨੂੰ ਵਿਸ਼ਵ ਹਿੰਦੀ ਸਾਹਿਤਯ ਸੇਵਾ ਸੰਸਥਾਨ ਪ੍ਰਯਾਗਰਾਜ ਵਲੋਂ ਆਯੋਜਿਤ 3 ਰੋਜ਼ਾ ਅਤਰਰਾਸ਼ਟਰਪੀ ਵੈਬੀਨਾਰ ਵਿੱਚ ਭਾਗ ਲਿਆ।
- 3 ਅਪ੍ਰੈਲ 2021 ,29 ਮਈ 2021,17ਜੁਲਾਈ 2021 ਅਤੇ 9 ਜਨਵਰੀ 2022 ਨੂੰ ਵੱਖ -2 ਸੰਸਥਾਵਾਂ ਵਲੋਂ ਆਯੋਜਿਤ ਇੱਕ ਰੋਜ਼ਾ ਰਾਸ਼ਟਰੀ ਵੈਬੀਨਾਰ ਵਿੱਚ ਭਾਗ ਲਿਆ।
- 14 ਜੂਨ ਤੋ 21 ਜੂਨ 2021 ਤੱਕ ਅੱਠ ਰੋਜ਼ਾ ਰਾਸ਼ਟਰੀ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ(ਆਨਲਾਈਨ) ਅਤੇ 1 ਦਸੰਬਰ ਤੋਂ 5 ਦਸੰਬਰ 2021 ਤੱਕ 5 ਰੋਜ਼ਾ ਸਰਟੀਫਿਕੇਟ ਕੋਰਸ (ਆਨਲਾਈਨ ) ਵਿੱਚ ਭਾਗ ਲਿਆ।
- 7 ਮਾਰਚ 2021 ਨੂੰ ਮਾਤ੍ਰ ਸ਼ਕਤੀ ਸਨਮਾਨ , 5 ਦਸੰਬਰ 2021 ਨੂੰ ਡਾ. ਸਰਵਪੱਲੀ ਰਾਧਾ ਕ੍ਰਿਸ਼ਨਨ ਸ੍ਰੇਸ਼ਠ ਸਨਮਾਨ, 11 ਸਤੰਬਰ 2021 ਨੂੰ ਭਾਰਤ ਮਾਤਾ ਅਭਿਨੰਦਨ ਸਨਮਾਨ ਅਤੇ 14 ਸਤੰਬਰ 2021 ਨੂੰ ਭਾਸ਼ਾ ਗੌਰਵ ਸਨਮਾਨ ਨਾਲ ਸਨਮਾਨਿਤ ਕੀਤਾ ਗਿਆ।
- ਮਿਤੀ 6 ਮਾਰਚ 2021 ਨੂੰ ਗੋਪੀ ਚੰਦ ਆਰਿਆ ਮਹਿਲਾ ਕਾਲਜ ਅਬੋਹਰ ਦੇ ਹਿੰਦੀ ਵਿਭਾਗ ' ਵੂਮੈਨ ਰਾਈਟਸ ਐਂਡ ਹਿਊਮਨ ਰਾਈਟਸ' ਵਿਸ਼ੇ ਤੇ ਆਨਲਾਈਨ ਵਿਸਤਾਰ ਦਿੱਤਾ।

## ਸਭਿਆਚਾਰਕ ਗਤੀਵਿਧੀਆਂ

- ਕਾਲਜ ਵਿੱਚ ਸਮੇਂ-ਸਮੇਂ ਤੇ ਸਭਿਆਚਾਰਕ, ਸਾਹਿਤਕ, ਗਤੀਵਿਧੀਆਂ ਹੁੰਦੀਆਂ ਰਹਿੰਦੀਆਂ ਹਨ। ਸੰਗੀਤ ਵਿਭਾਗ ਦੇ ਵਿਦਿਆਰਥੀਆਂ ਨੂੰ ਆਜਾਦੀ ਦਿਵਸ ਅਤੇ ਸੁਤੰਤਰਤਾ ਦਿਵਸ ਮੌਕੇ ਦੇਸ਼ ਭਗਤੀ ਗੀਤ ਅਤੇ ਰਾਸ਼ਟਰੀ ਗਾਨ ਦੀ ਪੋਲੋਗਰਾਊਂਡ ਵਿਖੇ ਪੇਸ਼ਕਾਰੀ ਦਿੱਤੀ।
- ਡਾਂਸ ਵਿਭਾਗ ਦੀਆਂ ਵਿਦਿਆਰਥਣਾਂ ਨੇ ਮਹਿਲਾ ਦਿਵਸ ਮੌਕੇ ਸ਼ਾਸਤਰੀ ਨ੍ਰਿਤ ਸੋਲੋ ਅਤੇ ਗਰੁੱਪ ਡਾਂਸ ਦੀਆਂ ਦੋ ਆਈਟਮਾਂ ਦੀ ਪੇਸ਼ਕਾਰੀ ਕੀਤੀ। ਜੋਨਲ ਯੁਵਕ ਮੇਲੇ ਪੰਜਾਬੀ ਯੂਨੀਵਰਸਿਟੀ ਵਿੱਚ ਡਾਂਸ ਵਿਭਾਗ ਦੀਆਂ ਵਿਦਿਆਰਥਣਾਂ ਨੇ ਸੰਮੀ ਡਾਂਸ ਪੇਸ਼ ਕੀਤਾ।
- ਫੋਕਆਰਟ ਵਿਭਾਗ ਦੀ ਰਵਾਇਤੀ ਗੀਤ ਪੇਸ਼ਕਾਰੀ ਨੇ ਜੋਨਲ ਯੁਵਕ ਮੇਲਾ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਦੂਜਾ ਸਥਾਨ ਅਤੇ ਕਢਾਈ ਵਿੱਚ ਵੀ ਦੂਜਾ ਸਥਾਨ ਪ੍ਰਾਪਤ ਕੀਤਾ। ਸੰਗੀਤ ਗਾਇਨ ਵਿਭਾਗ ਦੇ ਵਿਦਿਆਰਥੀਆਂ ਨੇ ਜੋਨਲ ਯੁਵਕ ਮੇਲੇ ਵਿੱਚ ਲੋਕ ਗੀਤ , ਸਮੂਹ ਗੀਤ ਵਿੱਚ ਕ੍ਰਮਵਾਰ ਪਹਿਲਾ ਸਥਾਨ ਅਤੇ ਕਵੀਸ਼ਰੀ ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ ਨਾਲ ਹੀ ਵਾਰ ਗਾਇਨ ,ਗੀਤ / ਗਜ਼ਲ ਵਿੱਚ ਵੀ ਭਾਗ ਲਿਆ।
- ਸੰਗੀਤ ਵਾਦਨ ਵਿਭਾਗ ਦੀ ਵਿਦਿਆਰਥਣਾਂ ਨੇ ਵੀ ਸਿਤਾਰ ਵਾਦਨ ਮੁਕਾਬਲੇ ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ। ਸੰਗੀਤ ਗਾਇਨ ਵਿਭਾਗ ਦੇ ਵਿਦਿਆਰਥੀਆਂ ਨੇ ਇੰਟਰਜੋਨਲ ਯੁਵਕ ਮੇਲੇ ਵਿੱਚ ਸਮੂਹ ਗਾਇਨ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ ਅਤੇ ਲੋਕ ਗੀਤ ਪੇਸ਼ਕਾਰੀ ਵਿੱਛ ਸ਼ਲਾਘਾ ਪ੍ਰਾਪਤ ਕੀਤੀ। ਫੋਕਆਰਟ ਵਿਭਾਗ ਦੇ ਵਿਦਿਆਰਥੀਆਂ ਨੇ ਇਨੂ ਬਣਾਈ, ਨਾਲਾ ਬੁਣਾਈ, ਪਹਿਰਾਵਾ ਪ੍ਰਦਰਸ਼ਨੀ ਵਿੱਚ ਭਾਗ ਲਿਆ।
- ਕਾਲਜ ਦੀਆਂ ਵਿਦਿਆਰਥਣਾਂ ਨੇ ਕਵਿਤਾ ਗਾਇਨ,ਡਿਬੇਟ, ਕੁਇਜ਼ ਮੁਕਾਬਲੇ ਵਿੱਚ ਵੀ ਹਿੱਸਾ ਲਿਆ। ਫਾਈਨ ਆਰਟਸ ਵਿਭਾਗ ਦੇ ਵਿਦਿਆਰਥੀਆਂ ਨੇ ਜੋਨਲ ਯੁਵਕ ਮੇਲੇ ਅਤੇ ਇੰਟਰਜੋਨਲ ਯੁਵਕ ਮੇਲੇ ਵਿੱਚ ਮਿੱਟੀ ਦੇ ਖਿਡੌਣੇ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ,ਕਲੇਅ ਮੌਡਲਿੰਗ ਵਿੱਚ ਅਤੇ ਕਾਰਟੂਨਿੰਗ ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ।

- ਉਪਰੋਕਤ ਤੋਂ ਇਲਾਵਾ ਕਾਲਜ  ਵਿੱਚ ਬਹੁਤ ਗਤੀਵਿਧੀਆਂ ਜਿਵੇ NCC Prade  ਅਤੇ N.S.S ਕੈਂਪ ਆਦਿ ਦੇ ਕੁਝ ਸਮਾਰੋਹਾਂ ਵਿੱਚ ਵਿਦਿਆਰਥੀਆਂ ਨੇ ਸਾਹਿਤਕ ਗਤੀਵਿਧੀਆਂ ਵਿੱਚ ਭਾਗ ਲਿਆ। O.S.A. ਦੀ ਐਲੂਮਨਾਈ ਮੀਟ ਮੌਕੇ ਵੀ ਸੰਗੀਤ ਵਿਭਾਗ ਦੇ ਵਿਦਿਆਰਥੀਆਂ ਨੇ ਲਤਾ ਮੰਗੇਸ਼ਕਰ ਜੀ ਦੀ ਯਾਦ ਸਰਧਾਂਜਲੀ ਸਰੂਪ ਬਹੁਤ ਖ਼ੂਬਸੁਰਤ ਨਗਮੇ ਪੇਸ਼ ਕੀਤੇ।

## ਐੱਨ.ਐੱਸ.ਐੱਸ.ਵਿਭਾਗ

ਇਸ ਸਮੇਂ ਕਾਲਜ ਵਿੱਚ ਐਨ.ਐਸ.ਐਸ. ਦੇ ਤਿੰਨ ਯੂਨਿਟ ਹਨ, ਜਿਹਨਾਂ ਵਿੱਚ 300 ਵਲੰਟੀਅਰ ਸਾਮਿਲ ਹਨ।ਪ੍ਰੋ.ਕੰਵਲਜੀਤ ਕੋਰ , ਪ੍ਰੋ. ਮੀਤਿਕਾ ਗੋਇਲ, ਪ੍ਰੋ. ਬਲਵਿੰਦਰ ਕੋਰ ਪ੍ਰੋਗਰਾਮ ਅਫ਼ਤਰ ਵਜੋਂ ਸੇਵਾਵਾਂ ਨਿਭਾ ਰਹੇ ਹਨ।

- ਅਗਸਤ 2021 ਵਿੱਚ ਕਾਲਜ ਕੈਂਪਸ ਵਿੱਚ ਪੌਦੇ ਲਗਾਏ।
- ਸਤੰਬਰ 21,2021 ਨੂੰ ' ਪੋਸ਼ਣ ਮਾਹ ' ਮਨਾਇਆ ਗਿਆ ਜਿਸ ਵਿੱਚ 50 ਵਲੰਟੀਅਰਾਂ ਨੇ ਭਾਗ ਲਿਆ।
- 24 ਸਤੰਬਰ 2021 ਨੂੰ ਐੱਨ.ਐੱਸ.ਐੱਸ. ਦਿਵਸ ਦੇ ਸੰਬੰਧ ਵਿੱਚ ਵਲੰਟੀਅਰ ਅਤੇ ਪ੍ਰੋਗਰਾਮ ਅਫ਼ਸਰ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਸ਼ਿਰਕਤ ਕੀਤੀ।
- ਅਕਤੂਬਰ 2021 ਵਿੱਚ ' ਰਾਸ਼ਟਰੀ ਏਕਤਾ ਦਿਵਸ ' ਮਨਾਇਆ ਗਿਆ ਅਤੇ ਇਸ ਸੰਬੰਧੀ ਸੌਹ ਚੁਕਵਾਈ ਗਈ। ' ਕਲੀਨ ਇੰਡੀਆ ' ਸੰਬੰਧੀ ਇੱਕ  ਜਾਗਰੂਕਤਾ ਲੈਕਚਰ ਕਰਵਾਇਆ ਗਿਆ।
- ਨਵੰਬਰ 2021 ਨੂੰ ' ਪਰਾਲੀ ਨਾ ਸਾੜੋ ' ਸੰਬੰਧੀ ਪਿੰਡ ਖੇੜੀ ਗੁੱਜਰਾਂ ਵਿਖੇ ਰੈਲੀ ਕੱਢੀ ਗਈ ਅਤੇ ਇੱਕ ਰੋਜਾ ਕੈਂਪ ਲਗਾਇਆ ਗਿਆ।
- ਨਵੰਬਰ 2021 ਨੂੰ ' ਭਾਰਤੀ ਸੰਵਿਧਾਨ  ਦਿਵਸ ' ਮਨਾਇਆ ਗਿਆ।
- ਜਨਵਰੀ 2022 ਵਿੱਚ ਆਨਲਾਈਨ ਨਮੋ ਐਪ ਰਾਹੀਂ ਵਲੰਟੀਅਰਾਂ ਨੇ ਲੇਖ ਲਿਖਣ ਪ੍ਰਤੀਯੋਗਤਾ ਵਿੱਚ ਭਾਗ ਲਿਆ।
- ਜਨਵਰੀ 2022 ਵਿੱਚ ' ਨੈਸ਼ਨਲ ਯੂਥ ਫੈਸਟੀਵਲ' ਦੇ ਉਦਯਾਟਨੀ ਸਮਾਰੋਹ ਵਿੱਚ ਆਨਲਾਈਨ ਭਾਗ ਲਿਆ।
- ' ਕੌਮੀ ਬਾਲੜੀ ਦਿਵਸ ' ਆਨਲਾਈਨ ਪੋਸਟਰ ਅਤੇ ਸਲੋਗਨ ਮੁਕਾਬਲੇ ਕਰਵਾਏ ਗਏ।
- ਫਰਵਰੀ 2022 ਵਿੱਚ ਵਿਧਾਨ ਸਭਾ ਚੋਣਾਂ ਸਮੇਂ ਵਲੰਟੀਅਰਾਂ ਨੇ ਕਾਲਜ ਵਿੱਚ ਬਣੇ ਪੋਲਿੰਗ ਬੂਥਾ ਵਿਖੇ ਡਿਊਟੀ ਨਿਭਾਈ।
- ' ਏਕ ਭਾਰਤ ਸ਼੍ਰੇਸ਼ਠ ਭਾਰਤ ਅਧੀਨ' ਵਲੰਟੀਅਰਾਂ ਨੇ ਪੋਸਟਰ ਅਤੇ ਸਲੋਗਨ ਬਣਾਏ।
- 08-03-2022 ਨੂੰ ਅੰਤਰਰਾਸ਼ਟਰੀ ਮਹਿਲਾ ਦਿਵਸ ਦੇ ਮੌਕੇ ਨਾਰੀ ਸਸ਼ਕਤੀਕਰਣ ਸੰਬੰਧੀ ਭਾਸ਼ਣ  ਤੇ ਕਾਵਿ-ਉਚਾਰਨ ਮਕਾਬਲਾ ਕਰਾਇਆ ਗਿਆ।

## ਐਨ.ਸੀ.ਸੀ

- ਸਰਕਾਰੀ ਕਾਲਜ ਲੜਕੀਆਂ ਪਟਿਆਲਾ ਵਿਖੇ 4 ਪੰਜਾਬ ਗਰਲਜ਼ ਬਟਾਲੀਅਨ ਦੀ ਐਨ.ਸੀ.ਸੀ.ਚੱਲ ਰਹੀ ਹੈ। ਜਿਸ ਵਿੱਚ 100 ਵਿਦਿਆਰਥੀ ਕੈਡਿਟ ਹਨ।
- ਇਸ ਵਰ੍ਹੇ ਐਨ.ਸੀ.ਸੀ.ਦੀਆਂ ਵੱਖ-ਵੱਖ ਗਤੀਵਿਧੀਆਂ ਹੋਈਆ ਜਿਸ ਵਿੱਚ ਸੱਤ ਰੋਜਾ ਕੈਂਪ 27 ਅਕਤੂਬਰ ਤੋ 2 ਨਵੰਬਰ 2021 ਤੱਕ ਇਸੇ ਕਾਲਜ ਵਿੱਚ ਲੱਗਿਆ। ਇਸ ਵਿੱਚ ਜੀ.ਸੀ.ਜੀ.ਕਾਲਜ ਤੋਂ ਇਲਾਵਾ ਐਮ.ਐਮ ਮੋਦੀ ਕਾਲਜ ,ਪਟਿਆਲਾ ਅਤੇ ਏ.ਐਸ ਕਾਲਜ ਖੰਨਾ ਲੜਕੀਆਂ ਨੇ ਵੀ ਭਾਗ ਲਿਆ ਲਗਭਗ ਇਸ ਵਿੱਚ 200 ਵਿਦਿਆਰਥੀਆਂ ਕੈਡਿਟਸ ਨੇ ਭਾਗ ਲਿਆ।ਰੋਪੜ ਵਿਖੇ ਮਿਤੀ 18-11-21 ਤੋਂ ਪ੍ਰੀ.ਐਰ.ਡੀ.ਸੀ. ਕੈਂਪ ਲੱਗਿਆ ਜਿਸ ਵਿੱਚ ਕਾਲਜ ਦੀਆਂ 6 ਕੈਡਿਟਸ

ਨੇ ਭਾਗ ਲਿਆ।ਮਿਤੀ 26/11/21 ਨੂੰ ਸੰਵਿਧਾਨ ਦਿਵਸ ਮਨਾਇਆ ਗਿਆ ਜਿਸ ਵਿੱਚ ਹੇਠ ਲਿਖੀਆਂ ਗਤੀਵਿਧੀਆਂ ਕਰਵਾਈਆ ਗਈਆ.

- ਸੰਵਿਧਾਨ ਦਿਵਸ ਦੇ ਸਬੰਧ ਵਿੱਚ ਇੱਕ ਜਾਗਰੂਕਤਾ ਰੈਲੀ ਕੱਢੀ ਗਈ।. ਮੌਲਿਕ ਕਰਤੱਵ ਪ੍ਰਤੀ ਸੁਹੰ ਚੁੱਕੀ ਗਈ।
- .ਸੰਸਦੀ ਪ੍ਰਣਾਲੀ ਵੱਲੋਂ ਭੇਜੀ ਗਈ ਪ੍ਰਸਤਾਵਨਾ ਸਮੂਹ ਵਿਦਿਆਰਥਣਾਂ ਅਤੇ ਕਾਲਜ ਸਟਾਫ਼ ਵੱਲੋਂ ਪੜ੍ਹੀ ਗਈ ਅਤੇ ਸਰਟੀਫਿਕੇਟ ਪ੍ਰਾਪਤ ਕੀਤੇ ਗਏ ।
- ਮਿਤੀ 9-11-2021 'Vigilance Awarness' ਦਿਵਸ ਮਨਾਇਆ ਗਿਆ ਜਿਸ ਵਿੱਚ ਪੋਸਟਰ ਮੇਕਿੰਗ ਅਤੇ ਉਨ੍ਹਾਂ ਨੂੰ ਸੋਸਲ ਮੀਡੀਆ ਪਲੇਟਫਾਰਮ ਤੇ ਪੋਸਟ ਕੀਤਾ ਗਿਆ।
- ਮਿਤੀ 8-11-2021 ਤੋ 2-12-2021 ਤੱਕ ਐਨ.ਸੀ.ਸੀ.ਦਿਵਸ ਮਨਾਇਆ ਗਿਆ। ਇਸ ਵਿੱਚ 28 -11-2021 ਨੂੰ ਪੋਸਟਰ ਮੈਕਿੰਗ ਅਤੇ 30 ਨੂੰ ਕਾਲਜ ਅਤੇ ਕਾਲਜ ਦੇ ਆਲੇ –ਦੁਆਲੇ ਸਵੱਛਤਾ ਅਭਿਆਨ ਚਲਾਇਆ ਗਿਆ।
- 1 ਦਸੰਬਰ ਨੂੰ Plantation ਕਰਵਾਈ ਗਈ। 2.12.2021. ਨੂੰ ਐਨ.ਸੀ.ਸੀ.ਦੇ ਕੈਂਡਿਟਸ ਵਲੋਂ ਲੜਕੀਆਂ ਦੇ ਅਨਾਥ ਆਸ਼ਰਮ ਦਾ ਦੌਰਾ ਕੀਤਾ ਗਿਆ ,ਜਿਸ ਵਿੱਚ ਉਨ੍ਹਾਂ ਨੂੰ ਲੋੜੀਦਾ ਖਾਣ-ਪੀਣ ਦਾ ਸਮਾਨ ਅਤੇ ਕੱਪੜੇ ਉਪਲੱਬਧ ਕਰਵਾਏ ਗਏ। ਮਿਤੀ 6-12-21 ਨੂੰ Armed Forces Flag Day ਮਨਾਇਆ ਗਿਆ ਜਿਸ ਵਿੱਚ ਕੈਡਿੰਟਸ ਨੇ ਝੰਡਿਆ ਦੀ ਰਕਮ ਇੱਕਠੀ ਕਰਕੇ ਆਪਣਾ ਯੋਗਦਾਨ ਪਾਇਆ।
- ਮਿਤੀ 10-12-21 ਨੂੰ ਐਨ.ਸੀ.ਸੀ. ਵਿਭਾਗ ਨੇ Gen.Bipin Rawat ਅਤੇ ਉਹਨਾਂ ਦੇ ਸਾਥੀਆਂ (18t CDS) ਜੀ ਦੀ ਹੈਲੀਕੰਪਟਰ ਦੁਰਘਟਨਾ ਵਿੱਚ ਮੌਤ ਹੋ ਜਾਣ ਤੇ ਪਟਿਆਲਾ ਦੇ OMAXE ਮਾਲ ਵਿਖੇ Candle Light ਕਰਕੇ ਸੋਗ ਦਾ ਪ੍ਰਗਟਾਵਾ ਕੀਤਾ।
- ਮਿਤੀ 16-12-21 ਨੂੰ ' ਵਿਜੈ ਦਿਵਸ ' ਮਨਾਇਆ ਜਿਸ ਵਿੱਚ :

    1.ਕਵਿਤਾ ਉਚਾਰਣ ਮੁਕਾਬਲੇ

    2.ਭਾਸ਼ਣ ਮੁਕਾਬਲੇ

    3. ਪੋਸਟਰ ਮੁਕਾਬਲੇ

    4.ਜਾਗਰੂਕਤਾ ਰੈਲੀ
- ' Epitaph' ਪਟਿਆਲਾ ਵਿਖੇ ਸ਼ਹੀਦੀ ਸਮਾਗਮ ਤੇ ਸ਼ਰਧਾ ਦੇ ਫੁੱਲ ਭੇਂਟ ਕੀਤੇ ਅਤੇ Cadets ਨੂੰ ਇੰਡੋ-ਪਾਕ ਵਾਰ 1971 ਬਾਰੇ ਜਾਣੂ ਕਰਵਾਇਆ।
- ਮਿਤੀ 16-12-21 ਨੂੰ ਟਰੈਫਿਕ ਇੰਚਾਰਜ ਪਟਿਆਲਾ ਇੰਸਪੈਕਟਰ ਪੁਸਪਾ ਜੀ ਵੱਲੋ NCC Cadets,Girl Students ਅਤੇ Staff ਨੂੰ ਟਰੈਫਿਕ ਨਿਯਮਾਂ ਅਤੇ ਔਰਤਾਂ ਦੀ ਸੁਰੱਖਿਆ ਵਿਸ਼ਿਆਂ ਤੇ ਲੈਕਚਰ ਦਿੱਤਾ ਗਿਆ ਜੋ ਕਿ ਬਹੁਤ ਹੀ ਜਾਣਕਾਰੀ ਭਰਪੂਰ ਅਤੇ ਲੋੜੀਦਾਂ ਵਿਸ਼ਾ ਸੀ।
- 26-1-22 ਨੂੰ ਕਾਲਜ ਦੇ NCC Cadets ਨੇ ਪੋਲੋ ਗਰਾਉਡ ਵਿਖੇ ਜਿਲ੍ਹਾ ਪੱਧਰੀ ਗਣਤੰਤਰ ਦਿਵਸ ਸਮਾਗਮ ਦੌਰਾਨ ਪਰੇਡ ਵਿੱਚ ਹਿੱਸਾ ਲਿਆ।
- ਮਿਤੀ 20-2-22 ਤੋਂ 26-02-22 ਨੂੰ ਸੰਗਰੂਰ ਵਿਖੇ Annual Training Camp ਲੱਗਿਆ ਜਿਸ ਵਿੱਚ ਕਾਲਜ ਦੇ ਲੱਗਭਗ 20 Cadets ਨੇ ਭਾਗ ਲਿਆ।

## ਕਿੱਤਾ, ਅਗਵਾਈ ਅਤੇ ਪਲੈਸਮੈਂਟ ਸੈੱਲ

- ਪੰਜਾਬ ਜਿਲ੍ਹਾ ਬਿਊਰੋ ਆਫ਼ ਰੋਜ਼ਗਾਰ ਉਤਪੱਤੀ ਹੁਨਰ ਵਿਕਾਸ ਅਤੇ ਸਿਖਲਾਈ ,ਪਟਿਆਲਾ ਵੱਲੋਂ ਪ੍ਰਾਪਤ ਚਿੱਠੀ ਮਿਤੀ 1-9-2021 ਅਨੁਸਾਰ ਮੁਫ਼ਤ ਸਕਿੱਲ ਟ੍ਰੇਨਿੰਗ ਕੋਰਸਾਂ ਲਈ ਵਿਦਿਆਰਥੀਆਂ ਦੀ ਰਜਿਸਟ੍ਰੇਸ਼ਨ ਕਰਵਾਉਣ ਸਬੰਧੀ ਆਨ –ਲਾਇਨ ਵੈਬੀਨਾਰ ਕਰਵਾ ਕੇ ਵਿਦਿਆਰਥੀਆਂ ਦੀ ਰਜਿਸਟ੍ਰੇਸ਼ਨ ਕਰਵਾਈ ਗਈ।
- I.T.I. ਰੋਪੜ ਵੱਲੋਂ ਪੰਜਾਬ ਸਕਿੱਲ ਡਿਵੈਲਪਮੈਂਟ ਮਿਸ਼ਨ ਨਾਲ ਮਿਲਕੇ ਮੁਫ਼ਤ ਸਕਿੱਲ ਟ੍ਰੇਨਿੰਗ ਕੋਰਸ (Artificial Intellegence and Data Science)ਸੁਰੂ ਕੀਤਾ ਗਿਆ ਜਿਸ ਵਿੱਚ ਸਰਕਾਰੀ ਕਾਲਜ ਲੜਕੀਆਂ ਦੀਆਂ ਵਿਦਿਆਰਥਣਾਂ ਦੀ ਰਜਿਸਟ੍ਰੇਸ਼ਨ ਕਰਵਾਈ ਗਈ।
- S V I E T ਕਾਲਜ ਵੱਲੋਂ Pool Campus Placement Drive by E CLERX, Chandigarh ਵਿਖੇ ਸਰਕਾਰੀ ਕਾਲਜ ਲੜਕੀਆਂ ਦੇ Pass out Batches 2019,2020 ਅਤੇ 2021 Pass out Graduate Students ਨੂੰ Participate ਕਰਨ ਲਈ ਪ੍ਰੇਰਿਆ ।
- ਮਿਤੀ 13-9-2021 ਨੂੰ ਸਰਕਾਰੀ ਕਾਲਜ ਲੜਕੀਆਂ ਵਿਖੇ ਰੋਜ਼ਗਾਰ ਮੇਲਾ ਆਯੋਜਿਤ ਕੀਤਾ ਗਿਆ।
- ਪੰਜਾਬ ਸਰਕਾਰ ਦੁਆਰਾ ਚਲਾਏ ਘਰ- ਘਰ ਮਿਸ਼ਨ ਰੋਜ਼ਗਾਰ ਅਧੀਨ ਚਲਾਏ ਜਾ ਰਹੇ ਜਿਲ੍ਹਾ ਰੋਜ਼ਗਾਰ ਉਤਪਤੀ ਹੁਨਰ ਵਿਕਾਸ ਅਤੇ ਸਿਖਲਾਈ ਪਟਿਆਲਾ ਦੁਆਰਾ ਸਰਕਾਰੀ ਪੇਪਰਾਂ ਦੀ ਤਿਆਰੀ ਲੀ ਮੁਫ਼ਤ ਕੋਚਿੰਗ ਲਈ ਵਿਦਿਆਰਥਣਾਂ ਨੂੰ Provided link ਤੇ ਰਜਿਸਟ੍ਰੇਸ਼ਨ ਕਰਵਾਉਣ ਲਈ ਕਿਹਾ।
- ਸਰਕਾਰੀ ਕਾਲਜ ਲੜਕੀਆਂ ਦੀਆਂ ਵਿਦਿਆਰਥਣਾਂ ਨੂੰ ਰੋਜ਼ਗਾਰ ਉਤਪਤੀ ਹੁਨਰ ਵਿਕਾਸ ਅਤੇ ਸਿਖਲਾਈ ਵਿਭਾਗ ਵੱਲੋਂ ਤਿਆਰ ਕੀਤੀ ਪ੍ਰੱਤ੍ਰਿਕਾ " ਘਰ- ਘਰ ਰੋਜ਼ਗਾਰ "ਬਾਰੇ ਜਾਣੂ ਕਰਵਾਇਆ ।
- ਨਵੰਬਰ ਮਹੀਨੇ ਵਿੱਚ ਡੀ ਬੀ ਈ ਈ ਵਿਖੇ 40-40 ਵਿਦਿਆਰਥੀਆਂ ਦੀ ਵਿਜ਼ਟ ਕਰਵਾਈ ਮਿਤੀ: 23-11-2021 ਨੂੰ ਕਾਲਜ ਦੇ B.C.A. ਭਾਗ I ,II , III,ਅਤੇ PGDCA ਦੀਆਂ ਵਿਦਿਆਰਥਣਾਂ ਦੀ Visit ਕਰਵਾਈ।
- ਮਿਤੀ : 1-12-2021 ਤੋਂ 6-12-2021 ਦੌਰਾਨ ਪੰਜਾਬ ਸਰਕਾਰ ਦੁਆਰਾ ਲਗਾਏ ਗਏ High- end Job Fair ਲਈ ਕਾਲਜ ਵਿਦਿਆਰਥੀਆਂ ਨੂੰ link ਦਿੱਤਾ ,ਅਤੇ ਵਿਦਿਆਰਥਣਾਂ ਦੀ ਰਜਿਸਟ੍ਰੇਸ਼ਨ ਕਰਵਾਈ।

## ਸਵੀਪ

- 29.9.2021 ਨੂੰ ' ਚੋਣਾਂ ਵਿੱਚ ਨੌਜਵਾਨ ਅਤੇ ਮਹਿਲਾ ਵੋਟਰ ਦੀ ਅਹਿਮ – ਭੂਮਿਕਾ ' ਵਿਸ਼ੇ ਤੇ ਸੈਮੀਨਾਰ ਕਰਵਾਇਆ ਗਿਆ।
- 13-10-2021 ਨੂੰ ਸਟੇਟ ਕਾਲਜ ਆਫ਼ ਐਜੂ.ਵਿਖੇ, ' ਚੋਣਾਂ ,ਭਾਰਤੀ ਲੋਕ- ਤੰਤਰ ਅਤੇ ਭਾਰਤ ਦੇ ਲੋਕ ' ਵਿਸ਼ੇ ਤੇ ਕਰਵਾਈਆਂ ਐਕਟੀਵਿਟੀਜ਼ ਵਿੱਚ ਕਾਲਜ ਦੀਆਂ ਵਿਦਿਆਰਥਣਾਂ ਦੇ ਭਾਗ ਲਿਆ।
- 9-12-2021 ਨੂੰ,' ਚੋਣਾਂ ਸੰਬੰਧੀ ਜਾਗਰੂਕ ਕਰਨ ਲਈ ਕਾਲਜ ਵਿਖੇ, 'ਹਸਤਾਖ਼ਰ ਅਭਿਆਨ ' ਦਾ ਆਯੋਜਨ ਕੀਤਾ ਗਿਆ।
- 15-12-2021 ਨੂੰ B.L.O. ਹਰਪ੍ਰੀਤ ਸਿੰਘ ਦੀ ਸਹਾਇਤਾ ਨਾਲ ਬੱਚਿਆਂ ਨੂੰ ਵੋਟ ਬਨਾਉਣ ਲਈ ਪ੍ਰੇਰਿਤ ਕਰਨ ਅਤੇ 'ਵੋਟ ਪਾਉਣ ਦੇ ਮਹੱਤਵ ' ਵਿਸ਼ੇ ਤੇ ਸੈਮੀਨਾਰ ਕਰਾਇਆ ਗਿਆ।
- ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਕਾਲਜ ਵਿਖੇ ਬਣੇ ਬੂਥਾਂ ਤੇ ਵਿਦਿਆਰਥਣਾਂ ਨੇ ਵਲੰਟੀਅਰਾਂ ਵਜੋਂ ਡਿਊਟੀ ਨਿਭਾਈ।

## ਖੇਡ –ਪ੍ਰਾਪਤੀਆਂ

ਪੜ੍ਹਾਈ ਦੇ ਨਾਲ –ਨਾਲ ਵਿਦਿਆਰਥਣਾਂ ਨੇ ਖੇਡਾਂ ਵਿੱਚ ਵੀ ਸ਼ਾਨਦਾਰ ਪ੍ਰਾਪਤੀਆਂ ਕਰਕੇ ਕਾਲਜ ਦਾ ਮਾਣ ਵਧਾਇਆਂ।

- ਵੂਸ਼ੂ-ਵੂਸ਼ੂ ਗੇਮ ਵਿੱਚ ਸਬੀਤਾ ਕੁਮਾਰੀ ਬੀ.ਏ. ਭਾਗ ਤੀਜਾ ਰੋਲ ਨੰ: 3195 ਨੇ ਡਿਸਟਿਕ ਵਿੱਚ ਗੋਲਡ(10-10-2021) ਅਤੇ ਆਲ ਇੰਡੀਆ ਇੰਟਰਯੂਨੀਵਰਸਿਟੀ AIIU ਵਿੱਚ ਗੋਲਡ ਮੈਡਲ (ਦਸੰਬਰ 2021 ) ਪ੍ਰਾਪਤ ਕੀਤਾ।
- ਯੋਗ – ਯੋਗ ਵਿੱਚ ਈਸ਼ਾ ਬੀ.ਏ. ਭਾਗ ਤੀਜਾ ਰੋਲ ਨੰ: 3016 ਨੇ ਆਲ ਇੰਡੀਆ ਇੰਟਰਯੂਨੀਵਰਸਿਟੀ (25$^{TH}$ – 28$^{TH}$ Dec 2021) ਵਿੱਚ ਭਾਗ ਲਿਆ।ਕਰਾਟੇ – ਕਰਾਟੇ ਵਿੱਚ ਸਾਡੇ ਕਾਲਜ ਦੀਆਂ ਲੜਕੀਆਂ ਨੇ ਕਾਫੀ ਮੱਲਾਂ ਮਾਰੀਆਂ।
- ਜਸਵਿੰਦਰ ਕੌਰ ਬੀ.ਏ.ਭਾਗ ਦੂਜਾ ਰੋਲ ਨੰ: 1840 ਨੇ ALL INDIA SEIKOKAI KARATE CHAMPIONSHIP ਵਿੱਚ ਸਿਲਵਰ ਮੈਡਲ(27$^{TH}$ -29$^{TH}$ Oct.2021),Punjab State Karate Championship ਵਿੱਚ ਸਿਲਵਰ ਮੈਡਲ(14$^{TH}$ -15$^{TH}$ Nov.2021)ਅਤੇ 20$^{TH}$ North India Wadokai Karate Do Championship ਵਿੱਚ ਵੀ ਸਿਲਵਰ ਮੈਡਲ (7$^{TH}$ -12 Oct.2021)ਪ੍ਰਾਪਤ ਕੀਤਾ.

**ਮਨਦੀਪ ਕੌਰ ਬੀ.ਏ ਭਾਗ II ਸਮੈਸਟਰ IV ਰੋਲ ਨੰ.1919 ਦੀਆਂ ਪ੍ਰਾਪਤੀਆਂ ।**

- All India Seikokei Karate Championship ਵਿੱਚ Bronze Medal (27$^{th}$ 29$^{th}$ Oct.2021)ਪ੍ਰਾਪਤ ਕੀਤਾ।
- Punjab State Karate Championship ਵਿੱਚ Bronze Medal (14$^{th}$ -15$^{th}$ Nov.2021 ਪ੍ਰਾਪਤ ਕੀਤਾ। 20$^{th}$ North India Wodokai Karate Do Championship ਵਿੱਚ ਵੀ ਸਿਲਵਰ ਮੈਡਲ(7$^{th}$ -12$^{th}$ Oct.2021) ਪ੍ਰਾਪਤ ਕੀਤਾ।Inter – College Karate ਵਿੱਚ ਭਾਗ ਲਿਆ(10 to 11 Nov.2021)

**ਅਜੂ ਕੌਰ ਬੀ.ਏ.ਭਾਗ II ਸਮੈਸਟਰ IV ਰੋਲ ਨੰ.1918 ਦੀਆਂ ਪ੍ਰਾਪਤੀਆਂ।**

- All India Seikokei Karate Championship ਵਿੱਚ Bronze Medal (27$^{th}$ 29$^{th}$ Oct.2021)ਪ੍ਰਾਪਤ ਕੀਤਾ।
- Punjab state Karte Championship ਵਿੱਚ ਗੋਲਡ ਮੈਡਲ(14$^{th}$ 15$^{th}$ Nov.2021)
- 20$^{th}$ North India wadokai Karate Do Championship ਵਿੱਚ ਸਿਲਵਰ ਮੈਡਲ(7$^{th}$ -12$^{th}$ Oct.2021)
- Inter College Karate ਵਿੱਚ ਗੋਲਡ ਮੈਂਡਲ ਲਿਆ(10$^{th}$ to 12$^{th}$ Nov.2021)
- Interuniversity (14$^{th}$ to 18$^{th}$ March 2022) ਵਿੱਚ ਭਾਗ ਲਿਆ।

**ਜੱਸੀਪ੍ਰੀਤ ਕੌਰ –ਬੀ.ਏ ਭਾਗ ਦੂਜਾ ਸਮੈਸਟਰ ਚੌਥਾ ਰੋਲ ਨੰ.-1839 ਦੀਆਂ ਪ੍ਰਾਪਤੀਆਂ**

- ਪੰਜਾਬ ਸਟੇਟ ਕਰਾਟੇ ਚੈਪੀਅਨਸਿਪ ਵਿੱਚ Bronze Medel( 14$^{th}$-15$^{th}$ Nov. 2021).2.20$^{th}$ North India Wadokai Karate Do Championship ਵਿੱਚ ਸਿਲਵਰ ਮੈਡਲ(7$^{th}$ -12$^{th}$ Oct.2021.Inter College-Silver Medel(10 to 11Nov.2021)
- .Interuniversity ਵਿੱਚ ਭਾਗ ਲਿਆ।(14 to 18 March2022)

**.ਹਰਮਨਜੋਤ ਕੌਰ ਬੀ.ਏ.ਭਾਗ ਪਹਿਲਾ ਰੌਲ ਨੰ.154 ਦੀਆਂ ਪ੍ਰਾਪਤੀਆਂ**

- All India Seikokei Karate Championship ਵਿੱਚ Bronze Medel.

- Punjab State Karate Championship ਵਿੱਚ Bronze Medel (7th -15th Nov.2021) ਪ੍ਰਾਪਤ ਕੀਤਾ।
- 20th North India Wadokai Karate Do Championship Gold Medel(7th -12th Oct.2021)ਪ੍ਰਾਪਤ ਕੀਤਾ।
- Inter College ਵਿੱਚ ਭਾਗ ਲਿਆ।(10 to 11Nov.2021)

**ਅਮਨਦੀਪ ਕੌਰ ਬੀ.ਏ.ਭਾਗ ਪਹਿਲਾ ਰੌਲ ਨੰ.154 ਦੀਆਂ ਪ੍ਰਾਪਤੀਆਂ**

- Punjab State Karate Championship ਵਿੱਚ Bronze Medel (14th 15th Nov.2021)

20th North India Wadokai Karate Do Championship ਵਿੱਚ Bronze Medel (7th -12th Oct.2021).

- Inter College ਵਿੱਚ ਭਾਗ ਲਿਆ (10 to 11 Nov.2021)
- ਜਿਮਨਾਸਟਿਕ – ਰੋਸ਼ੀ ਬੀ.ਏ. ਭਾਗ ਪਹਿਲਾ ਰੌਲ ਨੰ.502 ਦੀਆਂ ਪ੍ਰਾਪਤੀਆਂ।
- Inter College Events – Floor Exercise – Gold Medal
- Balance Beam Gold Medal
- Uneven Bar –Silver Medel
- Vaultiy Table –Silver Medel
- .Senion open Distruct – Uneven Bar- Silver Medel (6 Nov.2021)

**ਐਥਲੇਟਿਕਸ਼ – ਦਿਕਸ਼ਾ ਬੀ.ਏ. ਭਾਗ ਪਹਿਲਾ ਰੌਲ ਨੰ .246 ।**

- Youth Mular Game Foundetion ਵਿੱਚ 200m ਦੌੜ ਵਿੱਚ ਗੋਲਡ ਮੈਡਲ (10-10-2021 ਨੂੰ ਪ੍ਰਾਪਤ ਕੀਤਾ।
- National Indian Sports Foundetion ਵਿੱਚ 200 m ਦੌੜ ਵਿੱਚ ਸਿਲਵਰ ਮੈਡਲ (07-08-2021) ਨੂੰ ਪ੍ਰਾਪਤ ਕੀਤਾ।
- Name –Sabita Kumari ਬੀ.ਏ. ਭਾਗ ਤੀਜਾ ਰੌਲ ਨੰ.3195 ਯੋਗਾ ਵਿੱਚ ਹੇਠ ਲਿਖੀਆਂ ਪ੍ਰਾਪਤੀਆਂ ਹਨ।

| Sr.no. | Tournament Name | Date | Medel |
|---|---|---|---|
| 1. | All India Interuniversity AIIU | Dec.-2021 | Gold |
| 2. | State Championship | 10-10-2021 | Silver |
| 3. | District | 31-01-21 | Gold |

## ਐਲੁਮਨਾਈ ਰਿਪੋਰਟ

- ਕਾਲਜ ਦੇ O.S.A. ਮੈਂਬਰ ਡਾ ਜੀਵਨ ਬਾਲਾ ਨੇ ਐੱਮ.ਏ. ਡਾਂਸ ਦੀ ਵਿਦਿਆਰਥਣ ਕੁ. ਮੁਸਕਾਨ ਦੀ 10,000 ਰੁਪਏ ਫੀਸ ਭਰੀ।
- ਕਾਲਜ ਦੇ O.S.A. ਮੈਂਬਰ ਡਾ. ਪੁਸਪਿੰਦਰ ਨੇ ਐੱਮ.ਏ. ਭਾਗ ਪਹਿਲਾ ਦੀ ਵਿਦਿਆਰਥਣ ਕੁ.ਸਾਕਸ਼ੀ ਸ਼ਰਮਾ ਅਤੇ ਐੱਮ.ਏ. ਭਾਗ ਦੂਜਾ ਦੀਆਂ ਵਿਦਿਆਰਥਣਾਂ ਕੁ.ਸੁਮਨ ਬਾਲਾ ਅਤੇ ਕੁ.ਬੰਦੂ ਬੈਂਸ ਦੀ ਕੁੱਲ 32,000 ਫੀਸ ਭਰੀ।
- ਕਾਲਜ ਦੇ O.S.A. ਮੈਂਬਰ ਡਾ. ਪੁਸਪਿੰਦਰ ਅਤੇ ਪ੍ਰੋ. ਰਣਜੀਤ ਕੌਰ ਨੇ ਕਾਲਜ ਦੇ ਰੋਜ਼ ਗਾਰਡਨ ਲਈ ਗੁਲਾਬ ਦੇ 40 ਪੌਦੇ ਦਾਨ ਕੀਤੇ।

- ਪ੍ਰੋ. ਪੁਸਪਿੰਦਰ ਨੇ ਲਾਇਬ੍ਰੇਰੀ ਵਿਖੇ ਕੁਝ ਕਿਤਾਬਾਂ ਦਾਨ ਕੀਤੀਆ ਅਤੇ ਗਰੀਬ ਵਿਦਿਆਰਥਣਾਂ ਨੂੰ ਮਾਸਕ ਦਾਨ ਕੀਤੇ।
- ਪ੍ਰੋ. ਅਰੁਣਦੀਪ ਨੇ ਸੰਗੀਤ ਇੰਸਟਰੂਮੈਂਟ ਵਿਭਾਗ ਨੂੰ ਹਾਰਮੋਨੀਅਮ ਦਾਨ ਕੀਤਾ ਅਤੇ ਬੁਕ ਬੈਂਕ ਨੂੰ 30 ਪੁਸਤਕਾਂ ਦਾਨ ਕੀਤੀਆ ।
- ਫਰਵਰੀ ਮਹੀਨੇ ਵਿੱਚ O.S.A.ਵੱਲੋਂ ਪ੍ਰੇਜੀਡੈਂਟ, O.S.A. ਨਾਲ ਮਹੱਤਵ ਪੂਰਣ ਮੁੱਦਿਆ ਤੇ ਮਲਾਕਾਤਾਂ ਕੀਤੀਆ ਅਤੇ O.S.A. ਮੀਟਿੰਗ ਕੀਤੀ ਗਈ।
- ਮਿਤੀ 12-03-2022 ਨੂੰ ਸਿੱਖਿਆ ਵਿਭਾਗ (ਉਚੇਰੀ) ਦੇ ਆਦੇਸ਼ਾਂ ਅਨੁਸਾਰ ਵਾਈਸ ਪ੍ਰਿੰਸੀਪਲ ਪ੍ਰੋ. ਚਰਨਜੀਤ ਕੌਰ ਦੀ ਅਗਵਾਈ ਵਿੱਚ ਕੌਸਲ ਮੈਂਬਰਜ ਅਤੇ O.S.A. ਮੈਂਬਰਜ਼ ਪ੍ਰੋ. ਡਾ ਪ੍ਰੀਤਿੰਦਰ ਕੌਰ, ਡਾ. ਪੁਸਪਿੰਦਰ ,ਪ੍ਰੋ.ਰਣਜੀਤ ਕੌਰ ਦੇ ਸਹਿਯੋਗ ਨਾਲ ਵੱਡੇ ਪੱਧਰ ਤੇ ਐਲੂਮਨਾਈ ਮੀਟ ਦਾ ਆਯੋਜਨ ਕੀਤਾ ਗਿਆ। ਪ੍ਰੋਗਰਾਮ ਦਾ ਸੰਚਾਲਨ E.V.S.ਦੇ ਪ੍ਰੋਫੈਸਰ ਰਿਚਾ ਬਾਂਸਲ ਵੱਲੋਂ ਬਾਖੂਬੀ ਨਿਭਾਇਆ ਗਿਆ।
- ਪ੍ਰੋ.ਚਰਨਜੀਤ ਕੌਰ ,ਪ੍ਰੋ. ਲਵਲੀਨ ਵੱਲੋਂ ਕਾਲਜ ਵਿੱਚ ਐਨਰੌਲਮੈਂਟ ਵਧਾਉਣ ਲਈ ਉਤਸਾਹਿਤ ਕੀਤਾ ਗਿਆ। ਇਸ ਸਾਬਕਾ ਵਿਦਿਆਰਥੀ ਮਿਲਣੀ ਵਿੱਚ ਕਾਲਜ ਦੇ ਪੁਰਾਣੇ ਵਿਦਿਆਰਥੀਆਂ ਨੇ ਆਪਣੇ –ਆਪਣੇ ਵਿਚਾਰ ਸਾਂਝੇ ਕਰਕੇ ਪੁਰਾਣੀਆਂ ਯਾਦਾਂ ਤਾਜਾ ਕਰਕੇ ਹੋਏ ਇਸ ਨੂੰ ਸਾਰਥਕ ਬਣਾਇਆ ਅਤੇ ਮੁੜ -2 ਇਸ ਮਿਲਣੀ ਨੂੰ ਕਰਨ ਦੀ ਤਾਕੀਦ ਕੀਤੀ। ਇਸ ਮਿਲਣੀ ਮੌਕੇ ਸੰਗੀਤ ਵਿਭਾਗ ਦੀਆਂ ਵਿਦਿਆਰਥਣਾਂ ਵੱਲੋਂ ਇੱਕ ਮੈਡਲੀ ਪ੍ਰਸਤੁਤ ਕੀਤੀ ਗਈ। ਮਿਤੀ 12 ਅਪ੍ਰੈਲ 2022 ਐਲੂਮਣੀ ਮੀਟ ਕਰਕੇ ਨਵੀ ਕਾਲਜਕਾਰੀ ਕਮੇਟੀ ਦਾ ਗਠਨ ਵੀ ਕੀਤਾ ਗਿਆ.

## ਲਾਇਬ੍ਰੇਰੀ

ਕਾਲਜ ਲਾਇਬ੍ਰੇਰੀ ਹਰ ਪੱਖੋਂ ਮੁਕੰਮਲ ਹੈ। ਇੱਥੇ ਵੱਖ -2 ਵਿਸ਼ਿਆਂ ਨਾਲ ਸਬੰਧਤ 58000 ਪੁਸਤਕਾਂ ਪੂਰੀ ਤਰ੍ਹਾਂ ਕਲਾਸੀਫਾਈਡ ,ਕੰਪਿਊਟਰਾਈਜ਼ਡ ਅਤੇ ਰੈਕਾ ਤੇ ਸਬਜੈਕਟ ਵਾਈਜ ਅਰੇਂਜਡ ਹਨ। ਪੁਸਤਕਾਂ ਦਾ ਡਾਟਾ ਬੇਸ ਦੀ EXCEL ਸੀਟ OPAC ਲਾਈ ਉਧਲੱਭਧ ਹੈ ਤੇ ਪੁਸਤਕਾਂ ਦੀ ਜਾਣਕਾਰੀ ਸਰਚ ਕਰਨ ਤੇ ਮਿਲਦੀ ਹੈ। ਇਹ ਡਾਟਾ ‘ ਕੋਹਾ ’ ਸਾਫਟਵੇਅਰ ਤੇ ਅਪਲੋਡ ਕਰਨ ਦਾ ਕੰਮ ਚਲ ਰਿਹਾ ਹੈ।

- ਸਟਾਫ ਅਤੇ ਵਿਦਿਆਰਥਣਾਂ ਦੀ ਲਾਇਬ੍ਰੇਰੀ ਵਿਜਿਟ ਐਂਟਰੀ ਪੰਜਾਬ ਸਰਕਾਰ ਦੇ MIS ਪੋਰਟਲ ਤੇ ਹੁੰਦੀ ਹੈ ਜਿਸਦੀ ਸਿੱਧੀ ਜਾਣਕਾਰੀ ਵਿਭਾਗ ਕੋਲ ਜਾਂਦੀ ਹੈ।
- ਕਾਲਜ ਦੇ ਰਿਟਾਇਰਡ ਪ੍ਰੋਫੈਸਰ ਅਤੇ ਲੋਕਲ ਕਾਲਜ ਦੇ ਵਿਦਿਆਰਥੀਆਂ ਲਈ ਕਾਲਜ ਦੇ ਰਿਸੋਰਸਜ ਉਪਲੱਭਧ ਹਨ ਤੇ ਉਹ ਕਿਸੇ ਵੀ ਵਰਕਿੰਗ ਡੇ ਆਕੇ ਦੇਖ ਸਕਦੇ ਹਨ।
- ਲਾਇਬ੍ਰੇਰੀ ਵਿੱਚ 4 ਕੰਪਿਊਟਰ ਅਤੇ ਇੰਟਰਨੈਟ ਦਾ ਕਨੈਕਸ਼ਨ ਹੈ।
- e – resources ਦਾ ਲਾਭ ਲੈਣ ਲਈ N-LIST ਪ੍ਰੋਗਰਾਮ ਸਬਸਕਰਾਈਵਡ ਹੈ। ਜਿਸਦਾ ਪਾਸ ਵਰਡ ਸਟਾਫ ਅਤੇ ਵਿਦਿਆਰਥਣਾਂ ਨੂੰ ਮੁਹੱਈਆ ਕਰਵਾਇਆ ਗਿਆ ਹੈ । ਉਹ ਘਰ ਬੈਠ ਕੇ ਜਰਨਲਜ ਅਤੇ ਲੱਖਾ ਕਿਤਾਬਾ ਦੀ ਅਕਸੈਸ ਲੈਂਦੇ ਹਨ।
- ਲਾਇਬ੍ਰੇਰੀ ਵਿੱਚ ਵੱਖ-2 ਵਿਸ਼ਿਆਂ ਨਾਲ ਸਬੰਧਿਤ 68 ਰਸਾਲੇ /ਜਰਨਲਾ ਅਤੇ 18 ਅਖਬਾਰਾਂ ਹਿੰਦੀ,ਪੰਜਾਬੀ ਅਤੇ ਅੰਗਰੇਜੀ ਦੇ ਆਉਂਦੇ ਹਨ। ਜਿਹਨਾਂ ਦਾ ਲਾਭ ਜੀ.ਕੇ.ਤੇ ਕੰਪੀਟਿਸ਼ਨ ਦੀ ਤਿਆਰੀ ਲਈ ਕੀਤਾ ਜਾਂਦਾ ਹੈ।
- ਕਾਲਜ ਦੀ ਬੁਕਬੈਂਕ ਤੋਂ ਲੋੜਵੰਦ ਵਿਦਿਆਰਥਣਾ ਲਈ ਪੂਰੇ ਸੈਸ਼ਨ ਲਈ ਪੁਸਤਕਾਂ ਇਸ਼ੂ ਕੀਤੀਆਂ ਜਾਂਦੀਆਂ ਹਨ। ਪੁਸਤਕਾਂ ਦੀ ਵਾਪਸੀ ਪੇਪਰਾਂ ਤੋਂ ਬਾਅਦ ਹੁੰਦੀ ਹੈ।

- ਲਾਇਬ੍ਰੇਰੀ ਵਿੱਚ ਸਮੇਂ-2 ਤੇ ਪੁਸਤਕ ਪ੍ਰਦਸ਼ਨੀ ਲਗਾਈ ਜਾਂਦੀ ਹੈ ,ਜਿਵੇ ਨਾਰੀ ਦਿਵਸ , ਸੰਵਿਧਾਨ ਦਿਵਸ, ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਵ ਆਦਿ 14-20 ਨਵੰਬਰ 2021 ਨੂੰ ਬੁਕ ਵੀਕ ਮਨਾਇਆ ਗਿਆ ਤੇ ਵਿਦਿਆਰਥਣਾ ਦੇ ਪੇਪਰ ਰੀਡਿੰਗ ਕਨਟੈਸਟ , QUIZ,ਕਵਿਤਾ ਉਚਾਰਣ ਮੁਕਾਬਲਾ ਕਰਵਾਏ ਗਏ ਅਤੇ ਪ੍ਰਾਈਜ ਦਿੱਤੇ ਗਏ।

**ਹੋਸਟਲ**

ਕਾਲਜ ਵਿੱਚ ਦੂਰ–ਦੁਰਾਡੇ ਤੋਂ ਆਉਣ ਵਾਲੀਆਂ ਵਿਦਿਆਰਥਣਾਂ ਦੀ ਰਿਹਾਇਸ਼ ਲਈ ਹੋਸਟਲ ਦਾ ਵੀ ਪ੍ਰਬੰਧ ਹੈ ਜਿਸ ਵਿੱਚ 90 ਕਮਰੇ ਉਪਲਬਧ ਹਨ ਅਤੇ ਉਹਨਾਂ ਵਿੱਚ 450 ਵਿਦਿਆਰਥਣਾਂ ਦੇ ਰਹਿਣ ਦਾ ਪ੍ਰਬੰਧ ਹੈ। ਇਹ ਹੋਸਟਲ ਕੋਵਿਡ –19 ਦੇ ਮੱਦੇਨਜਰ ਬੰਦ ਰਿਹਾ ਸੀ। ਮਿਤੀ 8.12.2021 ਨੂੰ ਹੋਸਟਲ ਖੋਲਿਆ ਗਿਆ ਜਿਸ ਵਿੱਚ 138 ਵਿਦਿਆਰਥਣਾਂ ਰਹਿਣ ਲਈ ਆਈਆਂ। ਹੋਸਟਲ ਵਿੱਚ ਮੈੱਸ, ਗੁਰੂਦੁਆਰਾ ਸਾਹਿਬ ,ਰੀਡਿੰਗ, ਟੀ.ਵੀ ਰੂਮ ਮੁੱਢਲੀ ਸਹਾਇਤਾ ਰੂਮ, ਨਰਸ ਦਾ ਕਮਰਾ ਆਦਿ ਉਪਲੱਬਧ ਹਨ। ਹੋਸਟਲ ਵਿੱਚ ਸਮੇਂ-ਸਮੇਂ ਤੇ ਪ੍ਰਸਾਰ ਭਾਸ਼ਣਾਂ, ਨਾਟਕਾਂ ਸਭਿਆਚਾਰਕ ਸਮਾਗਮਾਂ ਦਾ ਆਯੋਜਨ ਵੀ ਕੀਤਾ ਜਾਂਦਾ ਹੈ।

ਪ੍ਰਿੰਸੀਪਲ
ਸਰਕਾਰੀ ਕਾਲਜ ਲੜਕੀਆਂ
ਪਟਿਆਲਾ